# ਕਾ.ਗਜ਼ੀ ਕਿਰਦਾਰ

# ਕਾ.ਗਜ਼ੀ ਕਿਰਦਾਰ

(.ਗਜ਼ਲ ਸੰਗ੍ਰਹਿ)

ਜੀਤ ਸੁਰਜੀਤ

**Kagzi Kirdar**
*(Ghazals)*
*by*
**Jeet Surjeet**
Baron August de Becker-Remyplein 6
3010 Kessel-lo (leuven) Belgium
Email. maan.sujiet@gmail.com

# ਸਮਰਪਣ

ਸਵਰਗਵਾਸੀ ਮਾਤਾ ਪਿਤਾ
ਸਰਦਾਰਨੀ ਗੁਰਮੀਤ ਕੌਰ, ਸਰਦਾਰ ਦਰਸ਼ਨ ਸਿੰਘ ਥਿੰਦ
ਅਤੇ ਕਿਸਾਨੀ ਸੰਘਰਸ਼ ਦੌਰਾਨ ਵੀਰਗਤੀ ਪ੍ਰਾਪਤ ਕਰ ਗਏ
ਯੋਧਿਆਂ ਦੇ ਨਾਂ

# ਤਤਕਰਾ


- ਸੂਖ਼ਮ ਅਹਿਸਾਸਾਂ ਦੀ ਗਾਥਾ 13
  *ਰਾਜਵੰਤ ਰਾਜ*
- ਤਲਖ ਹਕੀਕਤਾਂ ਦੀ ਤਰਜ਼ਮਾਨੀ 16
  *ਅਮਨਦੀਪ ਸਿੰਘ ਅਮਨ*
- ਜੀਤ ਸੁਰਜੀਤ ਵੱਲੋਂ ਸਿਰਜੀ ਸ਼ਾਇਰੀ ਨੂੰ ਪੜ੍ਹਦਿਆਂ... 18
  *ਸੁਖਵਿੰਦਰ ਅੰਮ੍ਰਿਤ*
- ਤਲਖ਼ੀਆਂ 'ਚੋਂ ਉਪਜੇ ਸੱਜਰੇ, ਸੂਖ਼ਮ ਤੇ ਚੇਤੰਨ ਅਹਿਸਾਸਾਂ 19
  ਦਾ ਸਵਾਗਤ
  *ਦਲਜਿੰਦਰ ਰਹਿਲ*
- ਸਵੈਕਥਨ 21
  *ਜੀਤ ਸੁਰਜੀਤ ਬੈਲਜੀਅਮ*

➢ ਅਸਾਂ ਤਾਂ ਸਿੱਖਿਆ ਤੁਰਨਾ 25
➢ ਮੌਸਮਾਂ ਤੋਂ ਪਿਆਰ ਮਿਲਿਆ 26
➢ ਆਪਣੇ ਅੰਦਰ ਦੀ ਕਾਲ਼ਖ 27
➢ ਪੌਣਾਂ ਸ਼ਰੀਫ਼ ਜਿਹੀਆਂ 28
➢ ਨਿਭਾਵਾਂ ਫ਼ਰਜ਼ ਮੈਂ ਸਾਰੇ 29
➢ ਐਵੇਂ ਨਾ ਪੁੱਛਿਆ ਕਰ 30
➢ ਕਿੰਨੀਆਂ ਸੱਟਾਂ ਝੱਲੀ ਜਾਂਦੇ 31
➢ ਸਤਹ 'ਤੇ ਸੁੱਤੀਆਂ ਲਹਿਰਾਂ 32
➢ ਆਪੇ ਹੀ ਅਪਣਾ ਅਪਮਾਨ 33

➢ ਕੁਦਰਤ ਨੇ ਖ਼ਵਰੇ ਮਨ 'ਚ ਕੀ 34
➢ ਤੇਰੇ ਮੋਹ ਦਾ ਕਰਜ਼ਾ 35
➢ ਕਦਮਾਂ ਦੀ ਰਫ਼ਤਾਰ 36
➢ ਪੜ੍ਹਾਈ ਹੋਰ ਕੀਤੀ ਸੀ 37
➢ ਮਿਲਿਆ ਨਹੀਂ ਮਹਿਫ਼ੂਜ਼ ਕੋਈ 38
➢ ਹਵਾ ਨੇ ਰੋਕਣਾ ਤਾਂ ਕੀ 39
➢ ਕਲੀ ਦੀ ਮਹਿਕ ਨੂੰ 40
➢ ਕਰਾਂਗੇ ਦੂਰ ਨੇਰ੍ਹੇ ਨੂੰ 41
➢ ਔਰਤ ਦੇ ਹੱਕ ਵਾਲੀ 42
➢ ਬਿਨ ਗੱਲ ਤੋਂ ਸੰਦੇਸ਼ੇ 43
➢ ਰਾਤ ਅਸਾਂ ਇਕ ਰੀਝ ਪਰੋਈ 44
➢ ਹਨੇਰੀ ਝੁੱਲਦੀ ਡਾਢੀ 45
➢ ਗ਼ਰੀਬਾਂ ਨੂੰ ਸਤਾਉਂਦੇ ਦਾ 46
➢ ਮੈਂ ਬਾਬਲ ਦੀ ਨਗਰੀ 47
➢ ਜੋ ਅੱਖਾਂ ਵਿਚ ਅਟਕਿਆ ਸੀ 48
➢ ਨੇਰ੍ਹਾ ਦੂਰ ਭਜਾਈਂ 49
➢ ਜਦ ਵੀ ਮੈਂ ਖ਼ਤ ਪੁਰਾਣੇ 50
➢ ਵਿਦਾਈ ਦੇਣ ਉਹ ਆਇਆ 51
➢ ਰਾਤ ਹਨੇਰੀ ਵਿਚ 52
➢ ਸੋਹਣੀ ਇੱਕ ਸਵੇਰ 53
➢ ਸਾਰੇ ਜੱਗ ਦੀ ਸਿਰਜਨਹਾਰੀ 54
➢ ਸਹਿ ਸਕੇ ਨਾ ਵਾਰ ਜੋ 55
➢ ਜ਼ਮਾਨੇ ਤੋਂ ਬੜਾ ਵੱਖਰਾ 56
➢ ਤੇਰੀ ਬੰਦਿਸ਼ 'ਚ ਰਹਿ ਕੇ ਹੀ 57
➢ ਸੁਣੀ ਮਿੱਟੀ ਦੀ ਗਾਥਾ ਤਾਂ 58
➢ ਜਿੱਦਾਂ ਤੇਰੀ ਯਾਦ ਹੈ ਆਉਂਦੀ 59
➢ ਨਾ ਫ਼ਰਜ਼ਾਂ ਦਾ ਬੰਧਨ ਹੋਵੇ 60
➢ ਮੇਰੇ ਡੋਲ ਰਹੇ ਦਿਲ ਨੂੰ 61
➢ ਦਿਸੇਂ ਨਾ ਤੂੰ ਜੇ ਥੋੜ੍ਹਾ ਚਿਰ 62
➢ ਇੱਕ ਇੱਕ ਕਰਕੇ ਗਿਣਦੀ ਹਾਂ 63
➢ ਮਿੱਟੀ ਦੇ ਪੁੱਤਰਾਂ ਦੇ 64
➢ ਇਹ ਆਪਣੀ ਚਾਲ ਚਲਦਾ ਹੈ 65
➢ ਇਹ ਜੋ ਹੌਕੇ ਤੇ ਹਾਵਾਂ ਨੇ 66
➢ ਤੇਰੀ ਖ਼ਾਤਰ ਜੱਗ ਤੋਂ 67
➢ ਸ਼ਬਦਾਂ ਨੂੰ ਪਰਨਾਏ ਲੋਕ 68
➢ ਤਖ਼ਤਾ ਤੇ ਬੈਠ ਜਾਂਦੇ 69
➢ ਮਨ ਦੇ ਅੰਦਰ ਸ਼ੋਰ ਬੜਾ ਹੈ 70
➢ ਹਿਜਰ ਦੀ ਪੀੜ ਨੂੰ ਸੀ 71
➢ ਜੀਵਨ ਦੇ ਸਭ ਰੰਗਾਂ ਨੂੰ 72
➢ ਨਿੰਮ ਨੂੰ ਸਵਾਲ ਕਰਦੇ 73
➢ ਸਾਡੇ ਹਿੱਸੇ ਕੌੜ ਕੁੜੱਤਣ 74
➢ ਤਿੜਕ ਗਏ ਤਾਂ ਕੀ ਹੋਇਆ 75
➢ ਤੇਰੀ ਯਾਦ ਦਾ ਭਾਂਬੜ 76
➢ ਬੇਫ਼ਿਕਰਾ, ਬੇਬਾਕ 77
➢ ਇਕ ਬਿਰਖ ਦੀ ਚੋਟੀ ਨੂੰ 78
➢ ਬੜਾ ਕੁਝ ਸਹਿ ਲਿਆ ਜਿੰਦੇ 79
➢ ਮਾਲੀ ਤੋਂ ਹੀ ਖ਼ਤਰੇ ਹੋਏ 80
➢ ਜਿਹੜੇ ਰਾਹ ਤੇ ਤੁਰਦੈ ਰਾਹੀ 81
➢ ਬਾਗ਼ੇ ਦੇ ਵਿਚ ਮੋਰ ਨਾ ਕੂਕੇ 82
➢ ਮੁਹੱਬਤ ਜੇ ਦਵੇ ਦਸਤਕ 83
➢ ਰਾਤਾਂ ਦੀ ਨੀਂਦ ਲੁੱਟਣ 84
➢ ਜੱਗ ਦੀ ਹਰ ਇਕ ਸਖ਼ਤੀ ਨੂੰ 85
➢ ਗੁਰਾਂ ਜਦ ਆਪਣੇ ਸਿੱਖਾਂ 86
➢ ਆਪਣੇ ਚਾਰ-ਚੁਫ਼ੇਰੇ ਤੋਂ ਵੀ 87
➢ ਮੈਨੂੰ ਬਹੁਤ ਰਵਾਇਆ 88
➢ ਦੋ ਪਲ ਦੀ ਮੁਸਕਾਨ 89
➢ ਦਿਨੇ ਤਾਰੇ ਦਿਖਾ ਦਿੱਤੇ 90
➢ ਪੌਣਾਂ ਵਾਂਗੂੰ ਵਗਣਾ 91

➢ ਉਡਾਰੀ ਹੌਸਲੇ ਸਾਡੇ, ਦੀ 92
➢ ਖ਼ਬਰੇ ਦਿਲ ਨੂੰ ਕੀ ਹੋ ਜਾਂਦੈ 93
➢ ਤੂੰ ਸਹਿਜ-ਸੁਭਾ ਹੀ ਕਰ ਜਾਨੈਂ 94
➢ ਜਦੋਂ ਘਿਰਦੇ ਤੁਫ਼ਾਨੀ ਬਾਰਿਸ਼ਾਂ 95
➢ ਕੋਈ ਦਿਲ ਨੂੰ ਦਰਿਆ ਕਹਿੰਦੈ 96
➢ ਇਹ ਕੈਸਾ ਕਿਰਦਾਰ ਹੈ 97
➢ ਮੇਰੇ ਘਰ ਦੇ ਅੰਬਰ ਉੱਤੇ 98
➢ ਸਮੁੰਦਰ ਅੱਗ ਦਾ ਤਰਨੇ 99
➢ ਜਦ ਕਦੇ ਵੀ ਖ਼ੁਦ ਨੂੰ 100
➢ ਪਲਕਾਂ ਉੱਤੇ ਅੰਮ੍ਰਿਤ ਦੀ 101
➢ ਮੁਹੱਬਤ ਦੀ ਗਵਾਹੀ ਜੋ 102
➢ ਜਿਨ੍ਹਾਂ 'ਚੋਂ ਪੀਣ ਖ਼ਾਤਰ 103
➢ ਤੇਰਾ ਗ਼ਮ ਵੀ ਜਰ ਲੈਂਦਾ ਏ 104
➢ ਮੇਰੇ ਮਹਿਰਮ ਗਲ਼ੇ ਲਾ ਲੈ 105
➢ ਤੂੰ ਕਿਸ ਤਰ੍ਹਾਂ ਦਾ ਮੈਨੂੰ 106
➢ ਫੁੱਲਾਂ ਦਾ ਸੰਗ ਜਦ ਤੋਂ 107
➢ ਤੇਰੇ ਜ਼ੁਲਮ ਦੇ ਅੱਗੇ 108
➢ ਜਦ ਚਾਹਵੇਂ ਮੇਰੇ ਘਰ ਆਵੀਂ 109
➢ ਤੂੰ ਕਦੇ ਤਾਂ ਜ਼ਿੰਦਗੀ ਨੂੰ 110
➢ ਘੁੱਪ ਹਨੇਰੇ ਅੰਦਰ ਨਹੀਂਉਂ 111
➢ ਕੀ ਹੋਇਆ ਜੇ ਰਾਤ ਹਨੇਰੀ 112
➢ ਤੇਰੇ ਵਰਗੇ ਹੋ ਜਾਵਣ ਦੀ 113
➢ ਗ਼ੁਲਾਮੀ ਤੋਂ ਆਜ਼ਾਦੀ ਵੱਲ ਨੂੰ 114
➢ ਪੀੜਾ ਨੂੰ ਸਹਿਲਾ ਕੇ ਰੱਖੀਂ 115
➢ ਕਦੇ ਬਿਨ ਗੱਲ ਤੋਂ ਬੋਲੇ 116
➢ ਕਾਲੀਆਂ ਰਾਤਾਂ 'ਚ ਦੀਵਾ 117
➢ ਉਹ ਚੰਨ ਦੇ ਓਹਲੇ ਬਹਿਕੇ 118
➢ ਸੀਨੇ ਦੇ ਵਿਚ ਪੀੜਾਂ ਭੁੱਜਣ 119
➢ ਸਾਡੀ ਹਸਤੀ ਤਲਵਾਰ 120
➢ ਉਹ ਕਾਤਲ ਆਪਣੇ ਚਿਹਰੇ 121
➢ ਜੀਵਨ ਖ਼ਲਾਅ ਦੇ ਨਾਲ ਭਰ 122
➢ ਝਾਂਜਰ ਦੇ ਗੀਤ ਜਦ ਵੀ 123
➢ ਰੀਝਾਂ ਨਾਲ ਬਿਤਾਏ ਕੁਝ ਪਲ 124
➢ ਭੁੱਲਣ ਕਦੇ ਨਾ ਦੋਸਤੋ 125
➢ ਪੌਣ ਵਗੀ ਤੇ ਘਟ ਜਾਵਣਗੇ 126
➢ ਤੇਰੇ ਨਾਂ ਦੀ ਵੱਤੀ ਲਾ ਕੇ 127
➢ ਉਹ ਮਹਿਕਾਂ ਦੀ ਰਾਣੀ ਦੇ 128
➢ ਅੱਜ ਗ਼ਜ਼ਲ ਦਾ ਪਿਆਰਾ 129
➢ ਵੱਡੇ-ਵੱਡੇ ਗ਼ਮ ਸਾਡੇ 130
➢ ਇਹ ਮਤਲੇ ਤੋਂ ਮਕਤੇ ਤੀਕ 131
➢ ਹਨੇਰਾ ਮੁੱਕਣੇ ਵਾਲਾ ਹੈ 132
➢ ਮੈਥੋਂ ਮੇਰੇ ਗੀਤ ਨਿੱਤ 133
➢ ਹਾਕਮ ਬੇ-ਸ਼ੱਕ ਸਾਨੂੰ 134
➢ ਮੈਂ ਕੁਝ ਏਦਾਂ ਸੀ ਤੇਰੀ 135

## ਸੂਖ਼ਮ ਅਹਿਸਾਸਾਂ ਦੀ ਗਾਥਾ

ਜੀਤ ਸੁਰਜੀਤ ਬੈਲਜੀਅਮ ਦੀ ਕਿਤਾਬ 'ਕਾਗ਼ਜ਼ੀ ਕਿਰਦਾਰ' ਪੜ੍ਹਦਿਆਂ ਮੈਨੂੰ ਹੈਰਾਨੀ ਵੀ ਹੋਈ ਅਤੇ ਮੇਰੀ ਇੱਕ ਧਾਰਨਾ ਵੀ ਟੁੱਟ ਗਈ। ਹੈਰਾਨੀ ਇਸ ਗੱਲ ਦੀ ਹੋਈ ਕਿ ਇੱਕ ਚੁੱਪ-ਚੁਪੀਤੀ ਜਿਹੀ ਸ਼ਾਇਰ ਕੁੜੀ ਦੂਰ ਦੇਸ਼ ਬੈਲਜੀਅਮ ਵਿਚ ਬੈਠੀ, ਗ਼ਜ਼ਲ ਦੀ ਸਾਧਨਾ ਵਿਚ ਏਨਾ ਡੂੰਘਾ ਕਿਵੇਂ ਉੱਤਰ ਗਈ। ਮੇਰੀ ਜੋ ਧਾਰਨਾ ਟੁੱਟੀ ਉਹ ਇਹ ਸੀ ਕਿ ਮੈਨੂੰ ਲੱਗਦਾ ਸੀ ਗ਼ਜ਼ਲ ਵਿਚ ਹੁਣ ਤਕ ਏਨਾ ਕੁਝ ਕਿਹਾ ਜਾ ਚੁੱਕਾ ਹੈ ਕਿ ਸ਼ਾਇਦ ਹੁਣ ਕਹਿਣ ਲਈ ਬਹੁਤਾ ਕੁੱਝ ਬਚਿਆ ਨਹੀਂ। ਪਰ ਜੀਤ ਸੁਰਜੀਤ ਦੀਆਂ ਗ਼ਜ਼ਲਾਂ ਪੜ੍ਹ ਕੇ ਮਹਿਸੂਸ ਹੋਇਆ ਕਿ ਕਾਇਨਾਤ ਵਿਚ ਹਾਲੇ ਵੀ ਬਹੁਤ ਕੁਝ ਕਹਿਣ ਵਾਲਾ ਬਾਕੀ ਹੈ। ਸ਼ਾਇਦ ਕਹਿਣ ਵਾਲੇ ਹੀ ਥੋੜ੍ਹੇ ਹਨ। ਮੈਨੂੰ ਇਸ ਗੱਲ ਦੀ ਵੀ ਖ਼ੁਸ਼ੀ ਹੈ ਕਿ ਗ਼ਜ਼ਲ ਦਾ ਗਿਆਨ ਅੱਗੇ ਤੋਂ ਅੱਗੇ ਫੈਲ ਰਿਹੈ, ਦੀਵੇ ਤੋਂ ਅੱਗੇ ਹੋਰ ਦੀਵੇ ਜਗ ਰਹੇ ਹਨ। ਜਿਸ ਦੇ ਅੰਦਰ ਕੁਝ ਕਰਨ ਦੀ ਚਾਹ ਹੋਵੇ ਉਸ ਨੂੰ ਰਾਹ ਆਪੇ ਹੀ ਥਿਆ ਜਾਂਦੇ ਹਨ। ਜੀਤ ਸੁਰਜੀਤ ਦੇ ਮਨ ਵਿਚ ਗ਼ਜ਼ਲ ਲਿਖਣ ਦੀ ਤਾਂਘ ਜਾਗੀ ਤਾਂ ਉਸ ਦਾ ਸੰਪਰਕ ਇੰਗਲੈਂਡ ਵੱਸਦੇ ਸ਼ਾਇਰ ਅਮਨਦੀਪ ਨਾਲ ਹੋਇਆ। ਅਮਨਦੀਪ ਹੁਰਾਂ ਤੋਂ ਗ਼ਜ਼ਲ ਦਾ ਊੜਾ ਐੜਾ ਸਿੱਖ ਕੇ ਜੀਤ ਸੁਰਜੀਤ ਗ਼ਜ਼ਲ ਦੇ ਗੁੰਝਲਦਾਰ ਰਾਹਾਂ ਤੇ ਤੁਰ ਪਈ। ਹੌਲੀ-ਹੌਲੀ ਇਹ ਰਾਹ ਸਰਲ ਤੇ ਸਪੱਸ਼ਟ ਹੁੰਦੇ ਗਏ। ਨਤੀਜੇ ਵਜੋਂ ਹੱਥਲੀ ਪੁਸਤਕ ਹੋਂਦ ਵਿਚ ਆਈ।

ਕਵਿਤਾ ਬਾਰੇ ਮੇਰਾ ਨਿੱਜੀ ਵਿਚਾਰ ਹੈ ਕਿ ਕਵਿਤਾ ਮਰਦ ਨਾਲੋਂ ਔਰਤ ਦੇ ਜ਼ਿਆਦਾ ਨੇੜੇ ਹੁੰਦੀ ਹੈ। ਔਰਤ, ਮਰਦ ਨਾਲੋਂ ਕਿਤੇ ਵੱਧ ਸੰਵੇਦਨਸ਼ੀਲ ਅਤੇ ਕੋਮਲ-ਭਾਵੀ ਹੁੰਦੀ ਹੈ। ਇਸ ਕਰ ਕੇ ਉਸ ਦੇ ਮਨ ਦੇ ਵਲਵਲੇ ਜ਼ਿਆਦਾ ਦਿਲਕਸ਼ ਅਤੇ ਜ਼ਿਆਦਾ ਅਸਰਦਾਰ ਹੁੰਦੇ ਹਨ। ਜੀਤ ਸੁਰਜੀਤ ਦੀਆਂ ਗ਼ਜ਼ਲਾਂ ਵੀ ਇਹੀ ਗੱਲ ਸਾਬਤ ਕਰਦੀਆਂ ਹਨ। ਉਸ ਦੀ ਕਵਿਤਾ ਦਾ ਵੱਡਾ ਹਿੱਸਾ ਮੁਹੱਬਤ ਅਤੇ ਵਿਛੋੜੇ ਦੀ ਉਸ ਧੁਰੀ ਦੁਆਲੇ ਘੁੰਮਦਾ ਹੈ ਜਿਸ ਦਾ ਨਾਂ ਔਰਤ ਹੈ। ਮੁਹੱਬਤ ਵਿਚਲਾ ਸਮਰਪਣ ਇਨ੍ਹਾਂ ਸ਼ਿਅਰਾਂ 'ਚੋਂ ਸਾਫ਼ ਝਲਕਦਾ ਹੈ :

ਐਵੇਂ ਨਾ ਪੁੱਛਿਆ ਕਰ, ਮਿਲਦਾ ਕੀ ਝੱਲ ਕਰ ਕੇ,
ਦਿਲ ਨੂੰ ਸਕੂਨ ਆਉਂਦੈ, ਤੇਰੇ ਨਾ ਗੱਲ ਕਰ ਕੇ।

ਮਨ ਦੇ ਗੁਲਸ਼ਨ ਵਿਚ ਹੀ ਫੁੱਲ ਖਿੜਾ ਕੇ ਸੱਧਰਾਂ ਦੇ,
ਦਿਲ ਕਰਦਾ ਹੈ ਮਹਿਕਾਂ, ਤੇਰੇ ਤੀਕ ਖਿਲਾਰ ਦਿਆਂ।

ਔਰਤ ਪਹਿਲੇ ਦਿਨ ਤੋਂ ਹੀ ਕੁਰਬਾਨੀਆਂ ਦੇ ਮੁਜੱਸਮੇ ਵਜੋਂ ਜਾਣੀ ਜਾਂਦੀ ਹੈ। ਆਪਣੀ ਪਸੰਦ ਨਾਲੋਂ ਉਸ ਨੂੰ ਸਮਾਜ, ਪਰਿਵਾਰ ਅਤੇ ਰਿਸ਼ਤੇਦਾਰਾਂ ਦੀ ਪਸੰਦ ਦਾ

ਜ਼ਿਆਦਾ ਸਨਮਾਨ ਕਰਨਾ ਪੈਂਦਾ ਹੈ। ਆਪਣੀਆਂ ਸੱਧਰਾਂ ਦਿਲ ਵਿਚ ਸਮੇਟ ਕੇ ਉਹ ਦੂਜਿਆਂ ਦੇ ਦਿਖਾਏ ਹੋਏ ਰਸਤੇ ਤੇ ਤੁਰ ਪੈਂਦੀ ਹੈ। ਔਰਤ ਦੇ ਏਸੇ ਸਫ਼ਰ ਨੂੰ ਦਰਸਾਉਂਦੇ ਹੋਏ ਇਹ ਸ਼ਿਅਰ ਟੁੰਬਦੇ ਚਲੇ ਜਾਂਦੇ ਹਨ–

ਪੜ੍ਹਾਈ ਹੋਰ ਕੀਤੀ ਸੀ, ਅਦਾਰਾ ਹੋਰ ਮਿਲਿਆ ਹੈ।
ਮੁਹੱਬਤ ਹੋਰ ਸੀ ਦਿਲ ਦੀ, ਪਿਆਰਾ ਹੋਰ ਮਿਲਿਆ ਹੈ।

ਭਲਾ ਹੋਇਆ ਕਿ ਇਹ ਬੇੜੀ, ਕਿਤੇ ਜਾ ਕੇ ਤਾਂ ਪਹੁੰਚੀ ਹੈ,
ਤੁਰੀ ਸੀ ਹੋਰ ਪਾਸੇ ਨੂੰ, ਕਿਨਾਰਾ ਹੋਰ ਮਿਲਿਆ ਹੈ।

ਜੀਤ ਸੁਰਜੀਤ ਦੀਆਂ ਨਜ਼ਰਾਂ ਵਿਚ ਜਿੱਥੇ ਔਰਤ ਮੁਹੱਬਤ ਦੀ ਦੇਵੀ ਹੈ ਉੱਥੇ ਹੀ ਉਹ ਘਟੀਆ ਸਮਾਜਿਕ ਵਰਤਾਰਿਆਂ ਦੀ ਪਾਰਖੂ ਵੀ ਹੈ। ਇਨ੍ਹਾਂ ਵਰਤਾਰਿਆਂ ਪ੍ਰਤੀ ਉਸ ਦੇ ਤਾੜਨਾ ਭਰੇ ਸ਼ਬਦ ਕੂਕ ਕੇ ਆਖਦੇ ਹਨ :

ਬਿਨ ਗੱਲ ਤੋਂ ਸੰਦੇਸ਼ੇ ਘੱਲੀ ਜਾਂਦੇ ਹੋ।
ਔਰਤ ਖ਼ਾਲੀ ਥਾਂ ਨਹੀਂ, ਮੱਲੀ ਜਾਂਦੇ ਹੋ।

ਉਹ ਬੰਦੇ ਦੀ ਅੱਖ ਦੂਰੋਂ ਪਹਿਚਾਣ ਲਵੇ,
ਜਿਸ ਔਰਤ ਨੂੰ ਆਖੀਂ ਝੱਲੀ ਜਾਂਦੇ ਹੋ।

ਉਸ ਦੇ ਸ਼ਬਦ ਔਰਤ ਦੇ ਦੁੱਖਾਂ ਦੀ ਗਾਥਾ ਹੀ ਬਿਆਨ ਨਹੀਂ ਕਰਦੇ ਸਗੋਂ ਔਰਤ ਨੂੰ ਸੇਧ ਵੀ ਦਿੰਦੇ ਹਨ।

ਤੂੰ ਦੁਰਗਾ ਤੂੰ ਸਰਸਵਤੀ, ਤੂੰ ਹੀ ਤਾਂ ਮਾਈ ਭਾਗੋ ਏਂ,
ਜੱਗ ਜਾਵੇ ਤੈਥੋਂ ਬਲਿਹਾਰੀ, ਫੇਰ ਭਲਾ ਤੂੰ ਕਿਉਂ ਡੋਲੇਂ।

ਔਰਤ ਨਾਲ ਜੁੜੇ ਵਿਸ਼ਿਆਂ ਤੋਂ ਇਲਾਵਾ ਜੀਤ ਸੁਰਜੀਤ ਨੇ ਹੋਰ ਸਮਾਜਿਕ ਵਿਸ਼ਿਆਂ ਨਾਲ ਜੁੜੇ ਹੋਏ ਸ਼ਿਅਰ ਵੀ ਬਹੁਤ ਬੇਬਾਕੀ ਨਾਲ ਸਿਰਜੇ ਹਨ। ਜਿਨ੍ਹਾਂ ਵਿਚ ਵਾਤਾਵਰਨ, ਮਨੁੱਖੀ ਕਿਰਦਾਰ, ਸਮਾਜਿਕ ਕਦਰਾਂ–ਕੀਮਤਾਂ, ਰਾਜਨੀਤੀ, ਕਿਸਾਨੀ, ਭੂ–ਹੇਰਵਾ, ਰਿਸ਼ਤੇ, ਜਾਤ–ਪਾਤ ਆਦਿ ਸ਼ਾਮਲ ਹਨ।

ਸਾਰੀ ਉਮਰੇ ਕਾਲਖ 'ਚੋਂ ਹੀ, ਲੱਭਣ ਆਪਣੇ ਸਾਏ ਲੋਕ।
ਉਸ ਮਿੱਟੀ ਦੀ ਮਿੱਟੀ ਪੁੱਟਣ, ਜਿਸ ਮਿੱਟੀ ਦੇ ਜਾਏ ਲੋਕ।

ਵਿਰਾਸਤ ਆਪਣੀ ਦੀ ਹੁਣ, ਅਸਾਂ ਨੇ ਪੈੜ ਮੱਲੀ ਹੈ,
ਤੇ ਨਸਲਾਂ ਸਾਡੀਆਂ ਦੀ ਹੀ, ਸਦਾ ਜੈਕਾਰ ਹੋਵੇਗੀ।

ਹਰ ਪਾਸੇ ਤੋਂ, ਘੇਰਾ ਪਾ ਲਿਆ ਲੋਕਾਂ ਨੇ,
ਹੁਣ ਬਚਣਾ ਦੁਸ਼ਵਾਰ ਹੈ, ਬੀਬਾ ਹਾਕਮ ਦਾ।



ਗੁਲਾਮੀ ਤੋਂ ਆਜ਼ਾਦੀ ਵੱਲ ਨੂੰ ਵਹਿਣਾ ਜ਼ਰੂਰੀ ਹੈ।
ਤੇ ਜ਼ੁਲਮੀ ਰਾਜ ਦੇ ਕਿਲਿਆਂ ਦਾ ਵੀ ਢਹਿਣਾ ਜ਼ਰੂਰੀ ਹੈ।

ਜੇ ਕਿਤਾਬ ਦੇ ਰੂਪਕ ਪੱਖ ਦੀ ਗੱਲ ਕਰਨੀ ਹੋਵੇ ਤਾਂ ਸ਼ਾਇਰਾ ਅਰੂਜ਼ੀ ਵਿਧਾਨ ਨੂੰ ਸਮਝਣ ਅਤੇ ਨਿਭਾਉਣ ਵਿਚ ਬਹੁਤ ਹੱਦ ਤੱਕ ਸਫ਼ਲ ਰਹੀ ਹੈ। ਕਿਤਾਬ ਵਿਚ ਹਜ਼ਜ਼, ਰਮਲ, ਰਜਜ਼ ਅਤੇ ਮੁਜ਼ਾਰਿਆ ਬਹਿਰਾਂ ਦੇ ਸਾਲਮ ਅਤੇ ਜ਼ਿਹਾਫ਼ੇ ਰੂਪਾਂ ਦੀਆ ਕਾਫ਼ੀ ਗ਼ਜ਼ਲਾਂ ਮਿਲਦੀਆਂ ਹਨ ਪਰ ਬਹੁਤੀਆਂ ਗ਼ਜ਼ਲਾਂ ਬਹਿਰ ਮੁਤਦਾਰਿਕ ਵਿਚ ਹਨ ਜਿਸ ਨੂੰ ਪੰਜਾਬੀ ਵਿਚ ਫੇਲੁਨੀ ਬਹਿਰ ਵੀ ਕਿਹਾ ਜਾਂਦਾ ਹੈ। ਬਹਿਰਾਂ ਬੇਸ਼ੱਕ ਗ਼ਜ਼ਲ ਦਾ ਜ਼ਰੂਰੀ ਹਿੱਸਾ ਹਨ ਪਰ ਸਿਰਫ਼ ਬਹਿਰਾਂ ਆਸਰੇ ਤੁਸੀਂ ਵਧੀਆ ਗ਼ਜ਼ਲਗੋ ਨਹੀਂ ਹੋ ਸਕਦੇ। ਵਧੀਆ ਗ਼ਜ਼ਲਗੋ ਹੋਣ ਲਈ ਤੁਹਾਨੂੰ ਖ਼ਿਆਲਾਂ ਦੀ ਪੁਖ਼ਤਗੀ ਵੱਲ ਜ਼ਿਆਦਾ ਧਿਆਨ ਦੇਣਾ ਪੈਂਦਾ ਹੈ। ਮੈਨੂੰ ਖ਼ੁਸ਼ੀ ਹੈ ਕਿ ਸ਼ਾਇਰਾ ਨੇ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਿਆ ਹੈ। ਉਸ ਦੀਆਂ ਗ਼ਜ਼ਲਾਂ ਕਿਸੇ ਮੰਝੇ ਹੋਏ ਗ਼ਜ਼ਲਗੋ ਦੇ ਮੁਕਾਬਲੇ ਕਿਸੇ ਗੱਲੋਂ ਵੀ ਘੱਟ ਨਹੀਂ। ਅੰਤ ਵਿਚ ਮੈਂ ਜੀਤ ਸੁਰਜੀਤ ਨੂੰ ਉਸ ਦੀ ਪਲੇਠੀ ਪੁਸਤਕ ਦੀ ਵਧਾਈ ਦਿੰਦਾ ਹੋਇਆ ਉਸ ਨੂੰ ਭਵਿੱਖ ਵਿਚ ਹੋਰ ਮਿਹਨਤ ਕਰਨ ਅਤੇ ਵਧੀਆ ਸਾਹਿਤ ਸਿਰਜਣ ਲਈ ਸ਼ੁੱਭ ਕਾਮਨਾਵਾਂ ਭੇਜਦਾ ਹਾਂ। ਮੇਰੀ ਪੰਜਾਬੀ ਪਾਠਕ ਪਿਆਰਿਆਂ ਨੂੰ ਗੁਜ਼ਾਰਿਸ਼ ਹੈ ਕਿ ਇਹ ਕਿਤਾਬ ਪੜ੍ਹਨ ਅਤੇ ਖ਼ੂਬਸੂਰਤ ਸ਼ਾਇਰੀ ਦਾ ਆਨੰਦ ਮਾਨਣ।

ਰਾਜਵੰਤ ਰਾਜ

# ਤਲਖ ਹਕੀਕਤਾਂ ਦੀ ਤਰਜ਼ਮਾਨੀ

ਜੀਤ ਸੁਰਜੀਤ ਦਾ ਗ਼ਜ਼ਲ ਸੰਗ੍ਰਹਿ 'ਕਾਗ਼ਜ਼ੀ ਕਿਰਦਾਰ' ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੀ ਬਾਤ ਪਾਉਂਦਾ ਹੈ। ਉਸ ਦੀ ਗ਼ਜ਼ਲ ਦਾ ਪਾਠ ਕਰਦੇ ਸਮੇਂ ਤੁਸੀਂ ਇਹ ਬਿਲਕੁਲ ਭੁੱਲ ਜਾਂਦੇ ਹੋ ਕਿ ਇਹ ਉਸਦਾ ਪਹਿਲਾ ਗ਼ਜ਼ਲ ਸੰਗ੍ਰਹਿ ਏ। ਜੀਤ ਦੇ ਸ਼ਿਅਰਾਂ ਵਿਚ ਪਰਪੱਕਤਾ ਹੈ। ਉਸਦੇ ਸ਼ਿਅਰ ਜ਼ਿੰਦਗੀ ਦੇ ਕੌੜੇ ਮਿੱਠੇ ਤਜਰਬਿਆਂ ਨੂੰ ਮਾਣਦੇ ਹੋਏ ਜਾਪਦੇ ਹਨ।

ਮੌਸਮਾਂ ਤੋਂ ਪਿਆਰ ਮਿਲਿਆ, ਨਾਲ ਮਿਲੀਆਂ ਤਲਖ਼ੀਆਂ।
ਬਿਰਖ ਦੀ ਜੂਨੇ ਪਿਆਂ, ਹਰ ਸਾਲ ਮਿਲੀਆਂ ਤਲਖ਼ੀਆਂ।

ਇਸੇ ਹੀ ਗ਼ਜ਼ਲ ਦਾ ਅਗਲਾ ਸ਼ਿਅਰ ਸਾਨੂੰ ਆਪਣੇ ਅੰਦਰ ਝਾਕਣ ਲਈ ਮਜ਼ਬੂਰ ਕਰਦਾ ਹੈ।

ਬਚਪਨੇ ਵਿਚ, ਫਿਰ ਜਵਾਨੀ ਤੇ ਬੁਢਾਪੇ ਵਿੱਚ ਵੀ,
ਜ਼ਿੰਦਗੀ ਵਿਚ ਹਰ ਜਗ੍ਹਾ, ਹਰ ਹਾਲ ਮਿਲੀਆਂ ਤਲਖ਼ੀਆਂ।

ਜੀਤ ਨੂੰ ਗ਼ਜ਼ਲ ਦੀ ਵਿਧਾ 'ਚ ਲਿਖਦੇ ਹੋਏ ਚਾਰ ਕੁ ਸਾਲ ਹੋਏ ਹਨ ਪਰ ਉਹਦੀ ਸ਼ਾਇਰੀ ਨੂੰ ਮਾਣਦਾ ਹੋਇਆ ਪਾਠਕ ਉਹਦੇ ਖ਼ਿਆਲਾਂ ਨਾਲ ਇੰਝ ਕੀਲਿਆ ਜਾਂਦਾ ਹੈ ਜਿਵੇਂ ਕਿਸੇ ਪੁਰਾਤਨ ਕਵੀ ਦੀਆਂ ਲਿਖਤਾਂ ਪੜ੍ਹਦਾ ਹੋਵੇ।

ਸ਼ਾਇਰਾ ਨੇ ਆਪਣੇ ਆਲੇ-ਦੁਆਲੇ ਵਾਪਰਦੇ ਘਟਨਾ ਕ੍ਰਮ ਨੂੰ ਬੜੀ ਹੀ ਖ਼ੂਬਸੂਰਤੀ ਨਾਲ ਪਰੋਇਆ ਹੈ। ਜੀਤ ਦੀ ਕਲਮ ਜਦੋਂ ਨਿੱਜ ਦੀ ਗੱਲ ਵੀ ਕਰਦੀ ਹੈ, ਤਾਂ ਵੀ ਉਹਦੇ ਲਿਖਣ ਦਾ ਅੰਦਾਜ਼ ਏਹੋ ਜਿਹਾ ਏ ਕਿ ਪਾਠਕ ਨੂੰ ਲੱਗਦੈ ਕਿ ਇਹ ਸ਼ਿਅਰ ਤਾਂ ਮੇਰੇ ਲਈ ਹੀ ਲਿਖਿਆ ਗਿਆ ਹੈ।

ਕਲੀ ਦੀ ਮਹਿਕ ਨੂੰ ਕਿਰਦਾਰ ਦੇ ਵਿਚ ਭਰ ਕੇ ਆਵਾਂਗੀ।
ਮੈਂ ਇਸ ਖ਼ਾਰਾਂ ਜਿਹੀ ਦੁਨੀਆ ਦੇ ਹਮਲੇ ਜਰ ਕੇ ਆਵਾਂਗੀ।

ਹਯਾਤੀ ਨੇ ਜੋ ਦਿੱਤੇ ਨੇ, ਗ਼ਮਾਂ ਦਾ ਬੋਝ ਹੈ ਮਨ 'ਤੇ,
ਇਨ੍ਹਾਂ ਦਾ ਤੋੜ ਜਦ ਲੱਭੂ, ਤਾਂ ਕਾਸਾ ਕਰ ਕੇ ਆਵਾਂਗੀ।

ਸ਼ਾਇਰਾ ਪਿਛਲੇ ਵੀਹ ਸਾਲਾਂ ਤੋਂ ਬੈਲਜ਼ੀਅਮ ਦੀ ਵਾਸੀ ਹੈ, ਪਰ ਉਸਦੀ ਸ਼ਾਇਰੀ ਅੱਜ ਵੀ ਆਪਣੇ ਲੋਕਾਂ ਦੇ ਦਰਦ ਦੀ ਬਾਤ ਪਾਉਂਦੀ, ਕਿਸਾਨੀ ਸੰਘਰਸ਼ ਦੇ ਹੱਕ ਵਿਚ ਬੁਲੰਦ ਆਵਾਜ਼ ਉਠਾਉਂਦੀ ਹੋਈ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੀ ਆਪਣੇ ਮੂਲ ਨਾਲ ਜੋੜਨ ਲਈ ਹੋਕਾ ਦਿੰਦੀ ਹੈ।



ਕਦਮਾਂ ਦੀ ਰਫ਼ਤਾਰ ਘਟੇ ਨਾ ਸੂਰਮਿਓਂ।
ਹੁਣ ਮੰਜ਼ਲ ਦਾ ਪਿਆਰ ਘਟੇ ਨਾ ਸੂਰਮਿਓਂ।

ਉਝੜੇ ਜੂੜੇ ਰਹਿਣ ਨਿਸ਼ਾਨੀ ਨਸਲਾਂ ਦੀ,
ਗਿਣਤੀ ਵਿਚ ਦਸਤਾਰ ਘਟੇ ਨਾ ਸੂਰਮਿਓਂ।

ਛੋਟੇ ਜਿਹੇ ਦੇਸ਼ ਵਿਚ ਰਹਿਣ ਵਾਲੀ ਸ਼ਾਇਰਾ ਦੇ ਸ਼ਿਅਰਾਂ 'ਚ ਕਾਫ਼ੀ ਬੇਬਾਕੀ ਹੈ। ਸੋਸ਼ਲ ਮੀਡੀਆ ਤੇ ਔਰਤ ਨੂੰ ਜੋ ਸਹਿਣਾ ਪੈਂਦਾ ਹੈ, ਉਸ ਪੀੜ ਦਾ ਵਿਖਿਆਨ ਜੀਤ ਨੇ ਗ਼ਜ਼ਲ ਵਿਚ ਬਾਖ਼ੂਬੀ ਕੀਤਾ ਹੈ।

ਜਦੋਂ ਘਿਰਦੇ ਤੂਫ਼ਾਨੀ ਬਾਰਿਸ਼ਾਂ ਵਿਚਕਾਰ ਵੀਰਾ ਜੀ।
ਪਛਾਣੇ ਜਾਣ ਪਲ ਵਿਚ ਕਾਗ਼ਜ਼ੀ ਕਿਰਦਾਰ ਵੀਰਾ ਜੀ।

ਜੇ ਇੱਜ਼ਤ ਮਾਣ ਚਾਹੀਦੈ ਤਾਂ ਸਿੱਖ ਔਕਾਤ ਵਿਚ ਰਹਿਣਾ,
ਨਾ ਐਵੇਂ ਮਾਣ ਮਰਿਆਦਾ ਦੀ ਟੱਪ ਦੀਵਾਰ ਵੀਰਾ ਜੀ।

ਅੰਤ ਵਿਚ ਮੈਂ ਜੀਤ ਨੂੰ ਉਸਦੇ ਪਲੇਠੇ ਗ਼ਜ਼ਲ ਸੰਗ੍ਰਹਿ ਦੀ ਮੁਬਾਰਕਬਾਦ ਦਿੰਦਾ ਹੋਇਆ ਪਾਠਕਾਂ ਨੂੰ ਇਸ ਕਿਤਾਬ ਵਿਚਲੀ ਸ਼ਾਇਰੀ ਨੂੰ ਮਾਨਣ ਦੀ ਅਪੀਲ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਭਵਿੱਖ ਵਿਚ ਜੀਤ ਦੀ ਕਲਮ ਹੋਰ ਵੀ ਬੁਲੰਦੀਆਂ ਨੂੰ ਛੂਹੇ।

ਅਮਨਦੀਪ ਸਿੰਘ ਅਮਨ
ਗਲਾਸਗੋ ਸਕੌਟਲੈਂਡ

## ਜੀਤ ਸੁਰਜੀਤ ਵੱਲੋਂ ਸਿਰਜੀ ਸ਼ਾਇਰੀ ਨੂੰ ਪੜ੍ਹਦਿਆਂ...

ਜੀਤ ਸੁਰਜੀਤ ਵੱਲੋਂ ਸਿਰਜੀ ਸ਼ਾਇਰੀ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਸ਼ਾਇਰਾ ਪ੍ਰਦੇਸ ਦੀ ਧਰਤੀ ਤੇ ਖ਼ੁਸ਼ਹਾਲ ਜੀਵਨ ਬਸਰ ਕਰਦਿਆਂ ਹੋਇਆ ਵੀ ਆਤਮਿਕ ਤੌਰ ’ਤੇ ਆਪਣੀ ਜੰਮਣ ਭੌਂਇ ਤੇ ਹੀ ਸਾਹ ਲੈਂਦੀ ਹੈ। ਇਸ ਧਰਤੀ ਸਬੰਧੀ ਉਸ ਦੇ ਬਹੁਤ ਸਾਰੇ ਫਿਕਰ, ਦੁੱਖ-ਸੁੱਖ, ਅਨੁਭਵ ਅਤੇ ਸੁਪਨਿਆਂ ਦੀਆਂ ਅਣਗਿਣਤ ਪਰਤਾਂ ਹਨ। ਇਹਨਾਂ ਬੇਪਨਾਹ ਸੂਖਮ ਭਾਵਨਾਵਾਂ ਦੀਆਂ ਤੰਦਾਂ ਵਿਚ ਜਕੜੇ ਹੋਏ ਉਸਦੇ ਵਜੂਦ ਲਈ ਜਦੋਂ ਸ਼ਾਇਰੀ ਮੁਕਤੀ ਦਾ ਦੁਆਰ ਖੋਲ੍ਹਦੀ ਹੈ ਤਾਂ ਉਹ ਮਨੁੱਖਤਾ ਦੇ ਸਾਰੇ ਦੁੱਖਾਂ ਨੂੰ ਆਪਣੀ ਸ਼ਾਇਰੀ ਵਿਚ ਸਮੋਣ ਲਈ ਉਤਾਵਲੀ ਹੋਣ ਲੱਗਦੀ ਹੈ। ਮਨੁੱਖੀ ਅਹਿਸਾਸਾਂ ਅਤੇ ਜਜ਼ਬਿਆਂ ਪ੍ਰਤੀ ਉਸਦੀ ਇਹ ਸੁਹਿਰਦ ਤਾਂਘ ਅਤੇ ਤੜਫ ਹੀ ਉਸਦੀ ਸ਼ਾਇਰੀ ਦਾ ਸੱਚਾ ਸੁੱਚਾ ਆਧਾਰ ਬਣਦੀ ਹੈ ਤੇ ਏਹੀ ਤਾਂਘ ਤੇ ਤੜਫ਼ ਉਸਦੀ ਸ਼ਾਇਰੀ ਵਿਚਲੀਆਂ ਭਵਿੱਖੀ ਸੰਭਾਵਨਾਵਾਂ ਵੱਲ ਸੰਕੇਤ ਕਰਦੀ ਹੈ। ਮੈਂ ਜੀਤ ਸੁਰਜੀਤ ਨੂੰ ਉਸਦੀ ਇਸ ਪਲੇਠੀ ਪੁਸਤਕ ਲਈ ਮੁਬਾਰਕਵਾਦ ਆਖਦੀ ਹਾਂ ਤੇ ਦੁਆ ਕਰਦੀ ਹਾਂ ਕਿ ਉਸਦੀ ਇਹ ਕਾਵਿਕ ਉਡਾਰੀ ਨਿਰੰਤਰ ਬੁਲੰਦੀਆਂ ਤੱਕ ਜਾਵੇ।

ਸੁਖਵਿੰਦਰ ਅੰਮ੍ਰਿਤ



## ਤਲਖ਼ੀਆਂ ’ਚੋਂ ਉਪਜੇ ਸੱਜਰੇ, ਸੂਖ਼ਮ ਤੇ ਚੇਤੰਨ ਅਹਿਸਾਸਾਂ ਦਾ ਸਵਾਗਤ

ਵਤਨੋਂ ਪਾਰ ਵਿਦੇਸ਼ੀ ਧਰਤੀ ਤੇ ਰਹਿੰਦਿਆਂ ਵੀ ਆਪਣੀ ਬੋਲੀ, ਸਾਹਿਤ, ਸੱਭਿਆਚਾਰ ਤੇ ਵਿਰਸੇ ਵਿਰਾਸਤ ਦਾ ਹੁੰਘਾਰਾ ਭਰਨਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸੰਜੀਦਾ ਮਨੁੱਖ ਦੁਨੀਆਂ ਵਿੱਚ ਜਿੱਥੇ ਮਰਜੀ ਰਹੇ, ਪਰ ਆਪਣੀਆਂ ਜੜ੍ਹਾਂ ਨਾਲੋਂ ਕਦੇ ਨਹੀਂ ਟੁੱਟਦਾ। ਜਿੱਥੇ ਉਹ ਬੇਗਾਨੀ ਧਰਤੀ ਨੂੰ ਅਪਣਾ ਕੇ ਸਥਾਪਤੀ ਲਈ ਜੱਦੋ ਜਹਿਦ ਕਰਦਾ ਹੈ, ਓਥੇ ਆਪਣੀ ਮਾਤ-ਭੂਮੀ, ਪੁਰਖੇ ਅਤੇ ਵਿਰਾਸਤੀ ਜ਼ਿੰਮੇਵਾਰੀ ਨੂੰ ਵੀ ਚੇਤਿਆਂ ’ਚੋਂ ਵਿਸਰਨ ਨਹੀਂ ਦਿੰਦਾ। ਬੈਲਜੀਅਮ ਵਸਦੀ ਜੀਤ ਸੁਰਜੀਤ ਦੀ ਇਹੋ ਲਗਨ ਦਰਿਆਵਾਂ ਦੇ ਪੰਜਾਬ ਨੂੰ ਸਾਗਰਾਂ ’ਚੋਂ ਸਿਰਜਣ ਲਈ ਸਮੇਂ ਦਾ ਹਾਣੀ ਬਣਨ ਲਈ ਪ੍ਰੇਰਦੀ ਹੈ।

ਮੈਂ ਬਾਬਲ ਦੀ ਨਗਰੀ, ਫੇਰਾ ਪਾ ਆਈ ਹਾਂ।
ਰਾਤੀਂ ਸੁਪਨੇ ਦੇ ਵਿਚ, ਵਤਨੀ ਜਾ ਆਈ ਹਾਂ।

ਇੱਕ ਅਵਾਰਾ ਬੇੜੀ ਖ਼ਾਲੀ ਡੁਸਕ ਰਹੀ ਸੀ,
ਮੈਂ ਕਾਗ਼ਜ਼ ਦੀ ਹਿੱਕ ’ਤੇ, ਦਰਿਆ ਵਾਹ ਆਈ ਹਾਂ।

ਜ਼ਿੰਦਗੀ ਦੀ ਜੱਦੋ ਜਹਿਦ ਤੇ ਸਮੇਂ ਦੀਆਂ ਤਲਖ਼ੀਆਂ ਵਿੱਚੋਂ ਸ਼ਬਦਾਂ ਦੀ ਓਟ ਸਹਾਰੇ ਕਾਵਿਕ ਉਡਾਰੀ ਭਰਦੀ ਜੀਤ ਸੁਰਜੀਤ ਕੁਦਰਤ, ਸਮਾਜ, ਰਾਜਨੀਤਿਕ ਲੁੱਟ-ਖਸੁੱਟ, ਹੁਕਮਰਾਨੀ ਜ਼ਬਰ, ਸਿਦਕੀਆਂ ਦੇ ਸਿਰੜ, ਸਮੇਂ ਦੀਆਂ ਬੇਇਨਸਾਫ਼ੀਆਂ, ਰਿਸ਼ਤੇ-ਨਾਤੇ, ਪਿਆਰ ਮੁਹੱਬਤ, ਦੁੱਖ-ਸੁੱਖ ਤੇ ਜ਼ਿੰਦਗੀ ਦੀ ਟੁੱਟ-ਭੱਜ ਵਰਗੇ ਅਨੇਕਾਂ ਵਿਸ਼ਿਆਂ ਤੇ ਲਿਖਦਿਆਂ, ਦਰਿਆਵਾਂ ਤੋਂ ਸਾਗਰਾਂ ਤੱਕ ਦਾ ਸਫ਼ਰ ਤਹਿ ਕਰਦੀ ਹੋਈ ਆਪਣੇ ਉੱਚੇ ਸੁੱਚੇ ਵਿਚਾਰਾਂ ਦੇ ਪ੍ਰਵਾਹ ਵਿਚ ਵਹਿੰਦਿਆ ਕਿਸੇ ਸ਼ਾਂਤ ਨਦੀ ਵਾਂਗ ਸ਼ਬਦ ਸਿਰਜਣਾ ਕਰਦੀ ਜਾਂਦੀ ਹੈ।

ਸਾਰੇ ਜੱਗ ਦੀ ਸਿਰਜਨਹਾਰੀ, ਫੇਰ ਭਲਾ ਤੂੰ ਕਿਉਂ ਡੋਲੇਂ।
ਤੂੰ ਨਾਨਕ ਦੀ ਬੇਟੀ ਪਿਆਰੀ, ਫੇਰ ਭਲਾ ਤੂੰ ਕਿਉਂ ਡੋਲੇਂ।

ਸਿਦਕ ਸਲੀਕਾ ਸੰਜਮ ਭਰਿਆ, ਸਹਿਜ-ਸਿਆਣਪ ਤੇਰੇ ਵਿਚ,
ਤੂੰ ਹੈਂ ਏਨੀ ਪਰਉਪਕਾਰੀ, ਫੇਰ ਭਲਾ ਤੂੰ ਕਿਉਂ ਡੋਲੇਂ।

ਜੀਤ ਸੁਰਜੀਤ ਦੀ ਸੂਖਮ ਸੱਜਰੀ ਤੇ ਚੇਤੰਨ ਅਹਿਸਾਸ ਵਾਲੀ ਖ਼ੂਬਸੂਰਤ ਸ਼ਾਇਰੀ ਵਿਚ ਸੁਨੇਹਾ ਵੀ ਹੈ ਤੇ ਹਲੂਣਾ ਵੀ। ਲਿਖਤਾਂ ਨੂੰ ਪੜ੍ਹਦਿਆਂ ਜਾਪਦਾ ਹੈ ਕਿ ਉਸ ਕੋਲ

ਸ਼ਬਦ ਵੀ ਹਨ ਤੇ ਉਨ੍ਹਾਂ ਨੂੰ ਕਲਾਤਮਿਕ ਢੰਗ ਨਾਲ ਕਹਿਣ ਦਾ ਸੋਹਜ ਤੇ ਸੁਰਮਈ ਅਨੁਭਵ ਵੀ। ਉਸਦੀ ਗ਼ਜ਼ਲ ਦਾ ਹਰ ਸ਼ਿਅਰ ਪਾਠਕਾਂ ਦੀ ਰੂਹ ਤੱਕ ਉਤਰਦਾ ਹੈ। ਦਰਿਆਵਾਂ ਤੋਂ ਸਾਗਰਾਂ ਦਾ ਤੇ ਫਿਰ ਸਾਗਰਾਂ ਤੋਂ ਅੰਬਰ ਦਾ ਸਫ਼ਰ ਤੈਅ ਕਰਦਿਆਂ ਧਰਤੀ ਨਾਲ ਜੁੜਦੀ ਹੋਈ ਉਸਦੀ ਸ਼ਾਇਰੀ ਕੁਦਰਤ ਨਾਲ ਇੱਕ-ਮਿੱਕ ਹੋਈ ਮਨੁੱਖਤਾ ਦੀ ਹਾਮੀ ਭਰਦੀ ਹੈ।

ਪੌਣਾਂ ਵਾਂਗੂੰ ਵਗਣਾ ਮੀਂਹ ਬਣ ਵਰ੍ਹਨਾ ਹੈ।
ਮੈਂ ਆਪੇ ਨੂੰ ਕੁਦਰਤ ਵਰਗੀ ਕਰਨਾ ਹੈ।

ਅੰਬਰ ਛੂਹਣ ਦੀ ਇੱਛਾ ਮਨ ਵਿਚ ਜਾਗੀ ਹੈ,
ਪਰ ਮੇਰਾ ਧਰਤੀ ਬਾਝੋਂ ਵੀ ਨਾ ਸਰਨਾ ਹੈ।

ਮੈਂ ਕਿਰਤਾਂ ਦੀ ਹਰ ਇਕ ਰੀਤ ਤੋਂ ਜਾਣੂੰ ਹਾਂ,
ਉੱਦਮ ਅੱਗੇ ਫੁੱਟਣਾ ਆਖ਼ਿਰ ਝਰਨਾ ਹੈ।

ਜੀਤ ਸੁਰਜੀਤ ਦੀ ਸ਼ਾਇਰੀ ਤੋਂ ਬਹੁਤ ਉਮੀਦਾਂ ਹਨ। ਇਸ ਲਈ ਉਸਦੇ ਪਹਿਲੇ ਕਾਵਿ ਸੁਨੇਹੇ ਦਾ ਸਵਾਗਤ ਕਰਨਾ ਤਾਂ ਬਣਦਾ ਹੈ। ਆਓ, ਉਸਦੇ ਇਸ ਪਲੇਠੇ ਯਤਨ ਨੂੰ ਪੜ੍ਹੀਏ, ਵਿਚਾਰੀਏ ਤੇ ਅੱਗੇ ਤੋਰੀਏ ਤਾਂ ਕਿ ਉਸਦਾ ਆਉਣ ਵਾਲਾ ਸਾਹਿਤਕ ਸਫ਼ਰ ਹੋਰ ਵੀ ਬੇਹਤਰ ਤੇ ਚੇਤਨਾ ਭਰਪੂਰ ਹੋਵੇ।

ਮੈਂ ਸਾਹਿਤ ਸੁਰ ਸੰਗਮ ਇਟਲੀ ਵੱਲੋਂ 'ਕਾਗ਼ਜ਼ੀ ਕਿਰਦਾਰ' ਸਿਰਲੇਖ ਹੇਠ ਛਪ ਰਹੀ ਇਸ ਸ਼ਾਇਰੀ ਨੂੰ ਜੀ ਆਇਆਂ ਕਹਿੰਦਾ ਹਾਂ। ਉਮੀਦਾਂ ਤੇ ਸ਼ੁੱਭ ਇੱਛਾਵਾਂ ਸਹਿਤ।

ਦਲਜਿੰਦਰ ਰਹਿਲ
ਸਾਹਿਤ ਸੁਰ ਸੰਗਮ ਸਭਾ ਇਟਲੀ



## ਸਵੈਕਥਨ

ਦੇਸ਼ ਹਿੱਤ ਦੇ ਨਾਮ 'ਤੇ, ਭਰਦੇ ਨੇ ਖੀਸੇ ਆਪਣੇ,
ਲੀਡਰਾਂ ਨੂੰ ਭੁੱਖ ਹੈ ਬੱਸ, ਕੋਠੀਆਂ ਤੇ ਕਾਰ ਦੀ।

ਪਾਠਕਾਂ ਦੇ ਵੀ ਮਨਾਂ ਵਿਚ, ਵਧ ਰਿਹਾ ਏ ਤੌਖਲਾ,
ਹੋਣ ਲੱਗੀ ਗੱਲ ਜਦ ਤੋਂ, 'ਕਾਗ਼ਜ਼ੀ ਕਿਰਦਾਰ' ਦੀ।

ਜ਼ਿੰਦਗੀ ਦੀਆਂ ਪਗਡੰਡੀਆਂ 'ਤੇ ਵਿਚਰਦਿਆਂ ਕਦ ਹਰਫ਼ਾਂ ਨਾਲ ਸਾਂਝ ਪੈ ਗਈ, ਪਤਾ ਹੀ ਨਾ ਲੱਗਾ। ਜਦ ਵੀ ਕਿਸੇ ਸੁਖਾਵੀਂ ਜਾਂ ਅਣਸੁਖਾਵੀਂ ਘਟਨਾ ਨੇ ਦਸਤਕ ਦਿੱਤੀ ਤਾਂ ਇਹ ਨਜ਼ਮਾਂ, ਲੋਕ ਰੰਗ, ਟੱਪੇ, ਗੀਤ ਅਤੇ ਕਵਿਤਾਵਾਂ ਦੇ ਰੂਪ ਵਿਚ ਸਾਥ ਨਿਭਾਉਂਦੇ ਰਹੇ। ਪਿਛਲੇ ਚਾਰ ਕੁ ਸਾਲ ਤੋਂ ਗ਼ਜ਼ਲ ਦੀ ਤਕਨੀਕ ਅਤੇ ਬਾਰੀਕੀਆਂ ਸਿੱਖ ਰਹੀ ਹਾਂ।

ਇਸ ਸਬੰਧ ਵਿਚ ਸਕੌਟਲੈਂਡ ਵਾਸੀ ਅਮਨਦੀਪ ਸਿੰਘ ਹੁਰਾਂ ਨਾਲ ਸੰਪਰਕ ਹੋਇਆ। ਜਿੱਥੇ ਕਲਮ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ ਨੇ ਮੈਨੂੰ ਲਿਖਣ ਲਈ ਪ੍ਰੇਰਿਆ ਓਥੇ ਆਪਣੇ ਨਾਂ ਨਾਲ ਉਸਤਾਦ ਸ਼ਬਦ ਲਵਾਉਣ ਤੋਂ ਗੁਰੇਜ਼ ਕਰਦਿਆਂ ਇਹ ਵੀ ਕਿਹਾ ਕਿ ਮੈਂ ਜਿੰਨਾ ਵੀ ਜਾਣਦਾ ਹਾਂ ਉਹ ਅੱਗੇ ਦੱਸ ਕੇ ਮਾਂ-ਬੋਲੀ ਦੀ ਜਿੰਨੀ ਕੁ ਸੇਵਾ ਕਰ ਸਕਿਆ, ਕਰਦਾ ਰਹਾਂਗਾ, ਪਰ ਮੈਨੂੰ ਉਸਤਾਦ ਕਹਿ ਕੇ ਹਉਮੈ ਦੇ ਖੰਭ ਨਾ ਲਾਇਓ।

ਮੈਂ ਇਸ ਵਿਧਾ ਵਿਚ ਹੁਣ ਤੱਕ ਜਿੰਨਾ ਕੁ ਵੀ ਸਿੱਖਿਆ ਹੈ, ਉਸ ਨਾਲ "ਕਾਗ਼ਜ਼ੀ ਕਿਰਦਾਰ" ਨਾਂ ਦੇ ਇਸ ਗ਼ਜ਼ਲ ਸੰਗ੍ਰਹਿ ਦੇ ਸਿਰਲੇਖ ਹੇਠਾਂ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰੀ ਲਵਾਉਣ ਜਾ ਰਹੀ ਹਾਂ। ਉਮੀਦ ਕਰਦੀ ਹਾਂ ਕਿ ਪਾਠਕ, ਇਸ ਕਿਰਤ ਨੂੰ ਆਪਣੇ ਹੱਥਾਂ ਵਿਚ ਲੈ ਕੇ ਇਹਦਾ ਸਿਰ ਜ਼ਰੂਰ ਪਲੋਸਣਗੇ।

ਮੇਰੇ ਲਈ ਕਿਤਾਬ ਵਿਚਲੇ ਹਰ ਲਫ਼ਜ਼ ਦਾ ਆਪਣਾ ਅਤੀਤ ਅਤੇ ਮਹੱਤਵ ਹੈ। ਮੇਰੀਆਂ ਲਿਖਤਾਂ ਉੱਤੇ ਭੂ ਹੇਰਵੇ, ਰਿਸ਼ਤੇ ਨਾਤੇ, ਸਮਾਜਿਕ ਗਤੀਵਿਧੀਆਂ ਅਤੇ ਇਨਸਾਨੀਅਤ ਤੋਂ ਵਿਰਵੇ ਭਾਵਾਂ ਦਾ ਬਹੁਤ ਅਸਰ ਹੁੰਦਾ ਹੈ। ਮਨ ਦੀ ਵੇਦਨਾ ਮੈਨੂੰ ਅਕਸਰ ਖਾਮੋਸ਼ ਕਰ ਦਿੰਦੀ ਹੈ ਤੇ ਫਿਰ ਜਦੋਂ ਇਹ ਖ਼ਾਮੋਸ਼ੀ ਸ਼ੋਰ ਕਰਦੀ ਹੈ ਤਾਂ ਲਿਖਤਾਂ ਵਿਚ ਸਿੱਲ੍ਹਾਪਨ ਆ ਜਾਂਦਾ ਹੈ।

ਸੌਖਾ ਨਹੀਂ ਹੁੰਦਾ ਆਪਣੇ ਅੰਦਰ ਦੀਆਂ ਪਰਤਾਂ ਨੂੰ ਫੋਲਣਾ। ਮਨ ਦੇ ਵਹਿਮਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ ਪਾਠਕਾਂ ਦੀ ਝੋਲੀ ਪਾਉਣ ਤੱਕ ਮੈਂ ਕਈ ਵਾਰ ਬਿਖਰੀ ਤੇ ਭਰ ਕੇ ਡੁੱਲ੍ਹੀ ਹਾਂ। ਹੋ ਸਕਦਾ ਏ ਕਿ ਕਿਤਾਬ ਪੜ੍ਹਦਿਆਂ ਕਿਸੇ ਪਾਠਕ ਨੂੰ ਵੀ ਮੇਰੇ ਕੁਝ ਲਫ਼ਜ਼ਾਂ ਦੇ ਨੈਣਾਂ ਵਿਚਲਾ ਕੱਜਲ ਸਿੰਮਿਆ ਲੱਗੇ।

ਲਗਭਗ ਦੋ ਦਹਾਕਿਆਂ ਤੋਂ ਯੂਰਪ ਦੀ ਧਰਤੀ ਉੱਤੇ ਪਰਿਵਾਰ ਨਾਲ ਸੰਤੁਸ਼ਟ ਜੀਵਨ ਗੁਜ਼ਾਰ ਰਹੀ ਹਾਂ ਪਰ ਆਪਣੇ ਦੇਸ਼ ਦੀ ਦੂਰੀ ਤੇ ਬੇਤਰਤੀਬੀਆਂ ਬਹੁਤ ਬੇਚੈਨ ਕਰਦੀਆਂ ਹਨ। ਸੱਤ ਸਮੁੰਦਰੋਂ ਪਾਰ ਬੈਠਿਆਂ ਵੀ ਉਸ ਮਿੱਟੀ ਦੀ ਖ਼ੁਸ਼ਬੂ ਮੇਰੇ ਹਰ ਸਾਹ ਵਿਚ ਹੈ।

ਦੁਨੀਆ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਈਏ ਪਰ ਮੂਲ ਦੇਸ਼ ਦਾ ਮੋਹ ਕਦੇ ਨਹੀਂ ਵਿੱਸਰਦਾ। ਕਿੰਨੀਆਂ ਵੀ ਭਾਸ਼ਾਵਾਂ ਸਿੱਖ ਲਈਏ ਪਰ ਜਿਸ ਆਸਾਨੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਅਸੀਂ ਆਪਣੀ ਗੱਲ ਮਾਤ-ਭਾਸ਼ਾ ਵਿਚ ਕਰ ਸਕਦੇ ਹਾਂ ਓਨੀ ਆਸਾਨੀ ਨਾਲ ਹੋਰ ਕਿਸੇ ਵੀ ਦੂਜੀ ਭਾਸ਼ਾ ਵਿਚ ਨਹੀਂ ਕਰ ਸਕਦੇ, ਕਿਉਂਕਿ ਇਸ ਭਾਸ਼ਾ ਨਾਲ ਸਾਡੇ ਬਹੁਤ ਹੀ ਕੋਮਲ ਅਹਿਸਾਸ ਜੁੜੇ ਹੁੰਦੇ ਹਨ।

ਬੇਸ਼ੱਕ ਇਹ ਦੇਸ਼ ਵੀ ਹੁਣ ਪਰਾਇਆ ਨਹੀਂ ਰਿਹਾ ਪਰ ਇਸ ਧਰਤੀ ਦਾ ਠੰਢਾ ਨਿੱਘ ਹੰਢਾਉਂਦਿਆਂ ਅਤੇ ਰੋਜ਼ਮਰ੍ਹਾਂ ਦੀ ਜ਼ਿੰਦਗੀ ਦੀ ਭੱਜ ਦੌੜ ਕਰਦਿਆਂ, ਆਪਣੇ ਦੇਸ਼ ਦੇ ਰਹਿਣ-ਸਹਿਣ ਤੇ ਸੱਭਿਆਚਾਰ ਦੀ ਕਮੀ ਬਹੁਤ ਮਹਿਸੂਸ ਕੀਤੀ।

ਏਸੇ ਸਮੇਂ ਦੌਰਾਨ ਜਿੱਥੇ ਵਕਤ ਤੋਂ ਪਹਿਲਾਂ ਮਾਂ-ਬਾਪ ਦੇ ਵਿਛੋੜੇ ਦਾ ਸੰਤਾਪ ਹੰਢਾਉਣਾ ਪਿਆ ਓਥੇ ਛੋਟੇ ਭੈਣ-ਭਰਾਵਾਂ ਦੇ ਜੀਵਨ ਵਿਚ ਆਈ ਉਥਲ-ਪੁਥਲ ਨੇ ਵੀ ਮਨ 'ਤੇ ਬਹੁਤ ਅਸਰ ਕੀਤਾ। ਮੇਰੇ ਸ਼ਬਦਾਂ ਵਿਚਲਾ ਭਾਰੀਪਨ ਅਜਿਹੀਆਂ ਕਈ ਘਟਨਾਵਾਂ ਦੀ ਦੇਣ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਵੀ ਮੇਰੀਆਂ ਕੁਝ ਨਜ਼ਮਾਂ ਪ੍ਰੀਤਲੜੀ, ਜੱਗਬਾਣੀ ਤੇ ਅਜੀਤ ਅਖ਼ਬਾਰਾਂ ਰਾਹੀਂ ਅਤੇ ਕੁਝ ਸਾਂਝੀਆਂ ਕਾਵਿ ਪੁਸਤਕਾਂ ਰਾਹੀਂ ਸਮੇਂ-ਸਮੇਂ ਤੇ ਪਾਠਕਾਂ ਤੱਕ ਪਹੁੰਚ ਚੁੱਕੀਆਂ ਹਨ ਪਰ ਪੂਰੀ ਪੁਸਤਕ ਦੇ ਰੂਪ ਵਿਚ ਇਸ ਗ਼ਜ਼ਲ ਸੰਗ੍ਰਹਿ ਰਾਹੀਂ ਮੈਂ ਪਹਿਲੀ ਵਾਰ ਦਸਤਕ ਦੇਣ ਜਾ ਰਹੀ ਹਾਂ।

ਕੈਨੇਡਾ ਨਿਵਾਸੀ ਰਾਜਵੰਤ ਰਾਜ ਹੁਰਾਂ ਦੁਆਰਾ ਮੇਰੀ ਇਸ ਪਲੇਠੀ ਪੁਸਤਕ ਨੂੰ ਪੜ੍ਹ ਕੇ ਯੋਗ ਅਗਵਾਈ ਕਰਨਾ ਤੇ ਸੋਧਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਨੇ ਨਾ ਸਿਰਫ਼ ਇਸ ਪੁਸਤਕ ਸਬੰਧੀ ਆਪਣੇ ਵਿਚਾਰ ਦਿੱਤੇ ਸਗੋਂ ਮੇਰੀ ਹੌਸਲਾ ਅਫ਼ਜਾਈ ਵੀ ਕੀਤੀ।

ਸਾਹਿਤਿਕ ਹਲਕਿਆਂ ਤੱਕ ਮੇਰੀ ਆਵਾਜ਼ ਤੇ ਰਚਨਾਵਾਂ ਪਹੁੰਚਾਉਣ ਵਿਚ 'ਸਾਹਿਤ ਸੁਰ ਸੰਗਮ ਸਭਾ ਇਟਲੀ' ਅਤੇ ਦਲਜਿੰਦਰ ਰਹਿਲ ਜੀ ਹੁਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਆਪਣੇ ਸੰਕੋਚਮਈ ਵਿਵਹਾਰ ਕਾਰਨ ਮੈਂ ਕਿਸੇ ਵੀ ਔਨਲਾਈਨ ਸਮਾਗਮ ਵਿਚ ਹਿੱਸਾ ਲੈਣ ਤੋਂ ਕਾਫ਼ੀ ਝਿਜਕਦੀ ਸੀ ਪਰ ਦਲਜਿੰਦਰ ਵੀਰ ਜੀ ਨੇ ਮੇਰੀ ਇਸ ਤੰਗਦਿਲੀ ਨੂੰ ਦੂਰ ਕੀਤਾ।

ਬਹੁਤ ਹੀ ਮਾਨਯੋਗ ਹਸਤੀ ਸੁਖਵਿੰਦਰ ਅੰਮ੍ਰਿਤ ਜੀ ਦੁਆਰਾ ਇਸ ਕਿਤਾਬ ਨੂੰ ਸਪਰਸ਼ ਮਿਲਣਾ ਵੀ ਸ਼ੁੱਭ ਸ਼ਗਨ ਹੈ। ਇਸ ਤੋਂ ਇਲਾਵਾ ਮੈਂ ਉਨ੍ਹਾਂ ਸਾਰੇ ਦੋਸਤਾਂ ਤੇ ਪਾਠਕਾਂ ਦੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀਆਂ ਲਿਖਤਾਂ ਨੂੰ ਮੋਹ ਦਿੰਦਿਆਂ ਮੈਨੂੰ ਏਥੋਂ ਤੱਕ ਪਹੁੰਚਾਇਆ।



ਕਹਿਣ ਨੂੰ ਤਾਂ ਬਹੁਤ ਕੁਝ ਹੈ ਪਰ ਇਸ ਕਹੇ ਅਣਕਹੇ ਨੂੰ ਪਾਠਕ ਕਿੱਥੋਂ ਤੱਕ ਸਮਝਦੇ ਹਨ?

ਮੈਂ ਪੱਛਮੀ ਪੌਣ ਦੇ ਅਸਰ ਤੋਂ ਕਦ ਤੱਕ ਤੇ ਕਿੰਨਾ ਕੁ ਬਚ ਪਾਵਾਂਗੀ?

ਕੀ 'ਕਾਗ਼ਜ਼ੀ ਕਿਰਦਾਰ' ਨਾਂ ਦੀ ਇਹ ਪੁਸਤਕ ਪਾਠਕਾਂ ਦੇ ਦਿਲਾਂ ਵਿਚ ਆਪਣੀ ਥਾਂ ਬਣਾ ਪਾਏਗੀ?

ਕੀ ਮੈਂ ਮਾਂ ਬੋਲੀ ਦੀ ਮਿਠਾਸ ਨੂੰ ਕਾਇਮ ਰੱਖਦਿਆਂ ਕੁਝ ਚੰਗੇਰਾ ਸਿਰਜ ਸਕਾਂਗੀ?

ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲਾਂ ਵਿਚ ਘਿਰੀ ਹੋਈ ਪੰਜਾਬ ਦੇ ਕਪੂਰਥਲੇ ਜ਼ਿਲ੍ਹੇ ਦੇ ਪਿੰਡ ਠੱਟਾ ਨਵਾਂ ਦੀ ਜੰਮਪਲ ਤੇ ਮਾਂ ਬੋਲੀ ਨੂੰ ਪਿਆਰ ਕਰਨ ਵਾਲੀ ਪਰਵਾਸੀ ਪੰਜਾਬਣ... ਆਪ ਸਭ ਦੇ ਹੁੰਘਾਰੇ ਅਤੇ ਸੁਝਾਵਾਂ ਦੀ ਉਡੀਕ ਵਿੱਚ...

ਜੀਤ ਸੁਰਜੀਤ ਬੈਲਜੀਅਮ
S.K.Belgium

## 1.

ਅਸਾਂ ਤਾਂ ਸਿੱਖਿਆ ਤੁਰਨਾ, ਹੀ ਟੇਢੇ ਰਸਤਿਆਂ ਉੱਤੇ।
ਭਰੋਸਾ ਹੋਰ ਨਾ ਕਰਨਾ, ਤੁਹਾਡੇ ਜੁਮਲਿਆਂ ਉੱਤੇ।

ਅਸੀਂ, ਕਬਰਾਂ 'ਚੋਂ ਉੱਠ ਕੇ ਸੀਰਮੇ, ਪੀਵਾਂਗੇ ਫਿਰ ਤੇਰੇ,
ਅਜੇ ਵੀ ਰੋਕ ਨਾ ਲੱਗੀ, ਜੇ ਤੇਰੇ ਹਮਲਿਆਂ ਉੱਤੇ।

ਜਦੋਂ ਹੱਕ ਲੈਣ ਆਏ ਤਾਂ, ਤੁਸੀਂ ਪੜ੍ਹਨਾ ਹੀ ਭੁੱਲੇ ਸੀ,
ਸੁਆਗਤ ਹੈ, ਲਿਖਾ ਛੱਡਿਆ, ਤੁਸੀਂ ਜੋ ਤਖ਼ਤਿਆਂ ਉੱਤੇ।

ਜੋ ਸਾਡੇ ਪੁਰਖਿਆਂ ਦਾ ਅੰਸ਼, ਇਸ ਮਿੱਟੀ 'ਚ ਰਲਿਆ ਹੈ,
ਅਸਾਂ 'ਤੇ ਕਰਜ਼ ਹੈ, ਇਹ ਮਾਣ, ਸਾਡਾ ਪੁਰਖਿਆਂ ਉੱਤੇ।

ਅਸੀਂ ਜਿਸ ਕੌਮ ਦੇ ਵਾਰਸ, ਹਾਂ ਉਸ ਦੀ ਰੀਤ ਨੇ ਦੱਸਿਆ,
ਕਿਵੇਂ ਕਾਬੂ ਹੈ ਪਾਈਦਾ, ਕਿ ਹਾਥੀ ਮਸਤਿਆਂ ਉੱਤੇ।

ਜਦੋਂ ਮਨਵਾਉਣ ਤੇ ਆਏ, ਅਸੀਂ ਮਨਵਾ ਹੀ ਲੈਣਾ ਹੈ,
ਅਜੇ ਬਸ ਗ਼ੌਰ ਹੀ ਕਰਦੇ ਹਾਂ, ਕਈਆਂ ਖ਼ਦਸ਼ਿਆਂ ਉੱਤੇ।

ਮਿਲੀ ਡੱਬੀ ਜੋ ਬਾਂਦਰ ਨੂੰ, ਉਹ ਜੰਗਲ ਲੂਹਣ ਨੂੰ ਫਿਰਦੈ,
ਕੀ ਸ਼ਿਕਵਾ ਬਿਰਖ ਨੇ ਕਰਨਾ, ਕੁਹਾੜੇ ਦਸਤਿਆਂ ਉੱਤੇ।

◈◈◈

## 2.

ਮੌਸਮਾਂ ਤੋਂ ਪਿਆਰ ਮਿਲਿਆ, ਨਾਲ ਮਿਲੀਆਂ ਤਲਖ਼ੀਆਂ।
ਬਿਰਖ ਦੀ ਜੂਨੇ ਪਿਆਂ, ਹਰ ਸਾਲ ਮਿਲੀਆਂ ਤਲਖ਼ੀਆਂ।

ਬਚਪਨੇ ਵਿਚ, ਫਿਰ ਜਵਾਨੀ ਤੇ ਬੁਢਾਪੇ ਵਿੱਚ ਵੀ,
ਜ਼ਿੰਦਗੀ ਵਿਚ ਹਰ ਜਗ੍ਹਾ, ਹਰ ਹਾਲ ਮਿਲੀਆਂ ਤਲਖ਼ੀਆਂ।

ਰਿਸਦਿਆਂ ਜ਼ਖ਼ਮਾਂ ਨੂੰ, ਮਿਲਿਆ ਸੀ ਬੜਾ ਆਰਾਮ, ਜਦ,
ਆ ਕਲਮ ਦੇ ਰੂਪ ਵਿਚ, ਬਣ ਢਾਲ ਮਿਲੀਆਂ ਤਲਖ਼ੀਆਂ।

ਉਮਰ ਬਿਰਥੀ ਜਾਣ ਦਾ, ਅਹਿਸਾਸ ਜਦ ਸੀ ਜਾਗਿਆ,
ਸੁੱਚਿਆਂ ਸਾਹਾਂ ਦੀ ਹੋ ਕੇ, ਘਾਲ ਮਿਲੀਆਂ ਤਲਖ਼ੀਆਂ।

ਉਸ ਨੇ ਕੀ ਦੂਜਿਆਂ ਦੇ, ਗ਼ਮ ਦੀ ਲੈਣੀ ਸਾਰ ਸੀ,
ਆਪਣੇ ਹੀ ਗ਼ਮ ਨੂੰ ਜਦ, ਬੇ ਤਾਲ ਮਿਲੀਆਂ ਤਲਖ਼ੀਆਂ।

ਸੋਚ ਜੱਗ ਦੀ ਖੋਖਲੀ ਹੈ, ਖੋਖਲਾ ਕਿਰਦਾਰ ਹੈ,
ਮੇਰੀਆਂ ਰੀਝਾਂ ਨੂੰ ਅਕਸਰ, ਟਾਲ ਮਿਲੀਆਂ ਤਲਖ਼ੀਆਂ।

ਆਪਣੇ ਹਿੱਸੇ ਦਾ ਸੂਰਜ, ਮਾਨਣਾ ਜਦ ਲੋੜਿਆ,
ਤਾਂ, ਹਮੇਸ਼ਾਂ ਨੇਰ੍ਹਿਆਂ ਦੀ, ਚਾਲ ਮਿਲੀਆਂ ਤਲਖ਼ੀਆਂ।

ਕੌਣ ਤੇਰਾ 'ਜੀਤ' ਏਥੇ? ਕੀ ਭਲਾ ਬੇਗਾਨਗੀ?
ਕੀ ਕਹਾਂ, ਪਾ ਦੋਸਤੀ ਦਾ, ਜਾਲ ਮਿਲੀਆਂ ਤਲਖ਼ੀਆਂ।

◈◈◈

## 3.

ਆਪਣੇ ਅੰਦਰ ਦੀ ਕਾਲ਼ਖ ਨਾ, ਲੜ ਕੇ ਆਵੀਂ ਤੂੰ।
ਅੱਖਰ ਅੱਖਰ ਹੋ ਕੇ, ਆਪਾ ਪੜ੍ਹ ਕੇ ਆਵੀਂ ਤੂੰ।

ਜੇਕਰ ਬਾਹਰ ਲੱਭੇਂਗਾ, ਤਾਂ ਮਿਲਣੀ ਭਟਕਣ ਹੀ,
ਸਹਿਜ ਦੀ ਖ਼ਾਤਰ, ਆਪਣੇ ਅੰਦਰ ਵੜ ਕੇ ਆਵੀਂ ਤੂੰ।

ਮਨ ਦਾ ਮਾਰੂਥਲ, ਮੁੱਦਤ ਤੋਂ ਤਰਸੇ ਠੰਢਕ ਨੂੰ,
ਸਾਵਣ ਰੁੱਤੇ, ਵਾਂਗ ਘਟਾ ਦੇ, ਚੜ੍ਹ ਕੇ ਆਵੀਂ ਤੂੰ।

ਜੇਸ ਨਦੀ ਵਿਚ ਪੱਥਰਾਂ ਵਾਂਗੂ ਲੋਕੀਂ ਡੁੱਬ ਗਏ,
ਓਸ ਨਦੀ ਵਿਚ, ਫੁੱਲਾਂ ਵਾਂਗਰ, ਹੜ੍ਹ ਕੇ ਆਵੀਂ ਤੂੰ।

ਇਸ਼ਕ ਹਮੇਸ਼ਾਂ, ਨਾਲ਼ ਤੂਫ਼ਾਨਾਂ ਦੇ ਲੜ ਪੈਂਦਾ ਹੈ,
ਆਪਣੇ ਝੱਲ ਨੂੰ, ਮੱਥੇ ਉੱਤੇ, ਜੜ ਕੇ ਆਵੀਂ ਤੂੰ।

ਜਿਸ ਪੀੜਾ ਨੇ ਤੇਰੀ ਰੂਹ ਨੂੰ, ਛਲਣੀ ਕੀਤਾ ਹੈ,
ਉਸ ਪੀੜਾ ਨੂੰ ਸਮਿਆਂ ਦੇ ਸਿਰ, ਮੜ੍ਹ ਕੇ ਆਵੀਂ ਤੂੰ।

ਤੇਰੇ ਹਿਜਰ ਦੀਆਂ ਰਾਤਾਂ ਨੂੰ, ਨੂਰੋ ਨੂਰ ਕਰੂ,
ਮਹਿਰਮ ਦੇ ਦਰ ਉੱਤੋਂ, ਦੋ ਪਲ ਖੜ੍ਹ ਕੇ ਆਵੀਂ ਤੂੰ।

◈◈◈

4.

ਪੌਣਾਂ ਸ਼ਰੀਫ਼ ਜਿਹੀਆਂ, ਬਣੀਆਂ ਦਬੰਗ ਕਾਹਤੋਂ।
ਬਿਰਖਾਂ ਦੇ ਪੱਤਿਆਂ ਨੇ, ਬਦਲੇ ਨੇ ਰੰਗ ਕਾਹਤੋਂ।

ਸ਼ਬਦਾਂ ਦੀ ਓਟ ’ਚੋਂ ਉਹ, ਦਿਲ ਦਾ ਸਕੂਨ ਲੱਭੇ,
ਸ਼ਾਇਰ ਦੇ ਵੀ ਨੇ ਰਿਸ਼ਤੇ, ਏਨੇ ਅਪੰਗ ਕਾਹਤੋਂ।

ਉਹਦੀ ਵੀ ਭਾਲ ਮੁੱਕੇ, ‘ਮੰਜ਼ਿਲ’ ਮੈਂ ਦਿਲ ’ਤੇ ਲਿਖਿਆ,
ਮੇਰੇ ’ਤੇ ਰੋਸ ਉਹਨੂੰ, ਰਸਤਾ ਹੈ ਤੰਗ ਕਾਹਤੋਂ।

ਖ਼ਾਬਾਂ ਦੇ ਵਿਚ ਆ ਕੇ, ਕਰਦਾ ਹੈ ਲਾਡ ਐਨੇ,
ਐਪਰ ਉਹ ਆਣ ਸਾਹਵੇਂ, ਜਾਂਦਾ ਹੈ ਸੰਗ ਕਾਹਤੋਂ।

ਦਿਲਬਰ ਦੇ ਵਾਸਤੇ ਹੀ, ਦਿਲ ਦੇ ਦੁਆਰ ਖੋਲ੍ਹੇ,
ਚੋਰਾਂ ਦੇ ਵਾਂਗ ਝੱਲਾ, ਪੁੱਟਦਾ ਸੁਰੰਗ ਕਾਹਤੋਂ।

ਜਦ ਵੀ ਹਾਂ ਘਰ ਤੋਂ ਨਿਕਲੀ, ਨਜ਼ਰਾਂ ਸਵਾਲ ਪੁੱਛੇ,
ਸੱਧਰਾਂ ਕੁਆਰੀਆਂ ਦੀ, ਛਣਕੀ ਹੈ ਵੰਗ ਕਾਹਤੋਂ।

ਮੇਰੀ ਤਾਂ ਹੋਂਦ ਉਸ ਨੇ, ਸਿਫ਼ਰਾਂ ਦੇ ਤੁੱਲ ਰੱਖੀ,
ਸਿਫ਼ਰਾਂ ਨੂੰ ਵਰਤਣੇ ਦਾ, ਸਿੱਖਿਆ ਨਾ ਢੰਗ ਕਾਹਤੋਂ।

ਤਿਤਲੀ ਤੋਂ ਫੁੱਲ ਖੋਹ ਕੇ, ਖਾਰਾਂ ਦੇ ਵੱਸ ਪਾਏ,
ਤਿਤਲੀ ਤੋਂ ਪਰ ਤੂੰ ਉਹਦੇ, ਖੋਹੇ ਨਾ ਰੰਗ ਕਾਹਤੋਂ।

ਜਿਸ ਦੀ ਤਲਾਸ਼ ਤੈਨੂੰ, ਹੁਣ ਉਹ ਵਫ਼ਾ ਨਾ ਕਿਧਰੇ,
ਯਾਦਾਂ ਨਾ ‘ਜੀਤ’ ਹਰ ਦਮ, ਕਰਦੀ ਤੂੰ ਜੰਗ ਕਾਹਤੋਂ।

◈◈◈



5.

ਨਿਭਾਵਾਂ ਫ਼ਰਜ਼ ਮੈਂ ਸਾਰੇ, ਜਾਂ ਕਿਧਰੇ ਲਾਪਤਾ ਹੋਵਾਂ?
ਅਰੋਪੀ ਪੁੱਛ ਰਿਹੈ ਮੈਨੂੰ, ‘ਮੈਂ ਤੇਰਾ ਹੌਸਲਾ ਹੋਵਾਂ?’

ਪਰਾਗੇ ਦਰਦ ਦੇ ਭੁੰਨ ਕੇ, ਚੁਫ਼ੇਰੇ ਕਿਉਂ ਖਿੰਡਾ ਦਿੰਨੇ?
ਤੂੰ ਚੁਗਣੇ ਆਪ ਹੀ ਜੇਕਰ, ਮੈਂ ਤੇਰੀ ਆਸਥਾ ਹੋਵਾਂ।

ਸਫ਼ਰ ਦੇ ਵਿਚ ਕਦੇ ਤੈਨੂੰ, ਕੋਈ ਮੁਸ਼ਕਿਲ ਜਦੋਂ ਆਵੇ,
ਮਿਲਾ ਕਦਮਾਂ ਨੂੰ ਤੇਰੇ ਨਾਲ, ਤੁਰਦਾ ਕਾਫ਼ਲਾ ਹੋਵਾਂ।

ਲਗਾਵੇ ਲੂਣ ਜ਼ਖ਼ਮਾਂ ਤੇ, ਕੁਸੈਲ਼ੇ ਬੋਲ ਬਣ ਬਣ ਕੇ,
ਕਰੇ ਹੱਤਕ ਗ਼ਰੀਬਾਂ ਦੀ, ਨਾ ਐਸੀ ਭਾਵਨਾ ਹੋਵਾਂ।

ਤੇਰੇ ਬੋਲਾਂ ਦੇ ਵਾਂਗਰ ਮੈਂ, ਕਿਸੇ ਨੂੰ ਠੱਗ ਨਹੀਂ ਸਕਣਾ,
ਰਹੇ ਪਰ ਲਰਜ਼ਦੀ ਹੋਠਾਂ ’ਤੇ, ਐਸੀ ਵਾਰਤਾ ਹੋਵਾਂ।

ਕਰੀ ਕੋਸ਼ਿਸ਼ ਬੜੀ ਵਾਰੀ, ਬੜਾ ਕੁਝ ਕਹਿਣ ਦੀ ਤੈਨੂੰ,
ਬਣੋਂ ਮੰਜ਼ਿਲ ਅਗਰ ਮੇਰੀ, ਮੈਂ ਤੇਰਾ ਰਾਸਤਾ ਹੋਵਾਂ।

ਤੇਰੇ ਦਰਸਾਂ ਦੀ ਰਹਿੰਦੀ ਹੈ, ਹਮੇਸ਼ਾਂ ਤਾਂਘ ਮਹਿਰਮ ਜੀ,
ਮੈਂ ਚਾਹਵਾਂ ਮੈਂ ਵੀ ਤੇਰੇ ਦਿਲ ਦੀ ਕੋਈ ਲਾਲਸਾ ਹੋਵਾਂ।

ਮੇਰੇ ਗੀਤਾਂ ਦੀ ਹਿੱਕ ’ਚੋਂ ‘ਜੀਤ’ ਬਿਰਹੋਂ ਨੂੰ ਮਿਟਾ ਕੇ,
ਵਸਲ ਦੀ ਬਾਤ ਪਾਵੇਂ ਤਾਂ, ਸੁਰਾਂ ਦੀ ਸਾਧਨਾ ਹੋਵਾਂ।

◈◈◈

## 6.

ਐਵੇਂ ਨਾ ਪੁੱਛਿਆ ਕਰ, ਮਿਲਦਾ ਕੀ ਝੱਲ ਕਰਕੇ,
ਦਿਨ ਨੂੰ ਸਕੂਨ ਆਉਂਦੈ, ਤੇਰੇ ਨਾ ਗੱਲ ਕਰਕੇ।

ਹੁਣ ਨਾ ਸ਼ਿਕਾਇਤ ਕੋਈ, ਪੈਰਾਂ ਦੀ ਭਟਕਣਾ ਨੂੰ,
ਰਸਤੇ 'ਤੇ ਪੈਰ ਧਰਿਆ, ਮੰਜ਼ਿਲ ਦੇ ਵੱਲ ਕਰਕੇ।

ਸਾਗਰ ਦੀ ਹਿੱਕ ਉੱਤੇ, ਲਹਿਰਾਂ ਦੇ ਰੂਪ ਦੇ ਵਿਚ,
ਤਰ ਕੇ ਨਦੀ ਨੂੰ ਆਉਣਾ, ਜਾਣੀਂ ਨਾ ਛੱਲ ਕਰਕੇ।

ਥਲ ਤੇ ਚਨਾਬ ਜੱਗ 'ਤੇ, ਬਣਦੇ ਗਵਾਹ ਨੇ ਹੁਣ ਵੀ,
ਹੁਸਨਾਂ ਦੀ ਜਾਤ ਮਹਿਕੀ, ਇਸ਼ਕੇ ਦੀ ਅੱਲ ਕਰਕੇ।

ਦਿਲ ਦਾ ਕਰਾਰ ਬਣ ਕੇ, ਲੁੱਟਣ ਕਰਾਰ ਆਵੀਂ,
ਉਲਝਾਂ ਮੈਂ 'ਜੀਤ' ਫਿਰ ਤੋਂ, ਮਸਲੇ ਨੂੰ ਹੱਲ ਕਰਕੇ।

◈◈◈



## 7.

ਕਿੰਨੀਆਂ ਸੱਟਾਂ ਝੱਲੀ ਜਾਂਦੇ, ਆਸ਼ਕ ਮਿੱਟੀ ਦੇ।
ਜ਼ਾਬਰ ਦਾ ਰਾਹ ਮੱਲੀ ਜਾਂਦੇ, ਆਸ਼ਕ ਮਿੱਟੀ ਦੇ।

ਕਾਫ਼ਲਿਆਂ ਨੂੰ ਰੋਕ ਲਵੇਗਾ, ਹਾਕਮ ਸੋਚ ਰਿਹੈ,
ਐਪਰ ਇਹ ਤਾਂ ਚੱਲੀ ਜਾਂਦੇ, ਆਸ਼ਕ ਮਿੱਟੀ ਦੇ।

ਇਹ ਤਾਂ ਰਾਤਾਂ ਨੂੰ ਵੀ, ਰੌਸ਼ਨ ਕਰਨਾ ਚਾਹੁੰਦੇ ਹਨ,
ਜੋ ਰਾਤਾਂ ਨੂੰ 'ਥੱਲੀ ਜਾਂਦੇ, ਆਸ਼ਕ ਮਿੱਟੀ ਦੇ।

ਏਸੇ ਮਿੱਟੀ ਨੇ ਹੀ ਗੁੜ੍ਹਤੀ ਦਿੱਤੀ ਗ਼ੈਰਤ ਦੀ,
ਕਰ ਕੇ ਸੋਚ ਸੁਵੱਲੀ ਜਾਂਦੇ, ਆਸ਼ਕ ਮਿੱਟੀ ਦੇ।

ਖੇਤਾਂ ਦੇ ਵਿਚ ਆਪਣੇ ਹੱਥੀਂ ਘਾਲ ਕਮਾਉਣੇ ਨੂੰ,
ਲੈ ਕੇ ਦਾਤੀ ਪੱਲੀ ਜਾਂਦੇ, ਆਸ਼ਕ ਮਿੱਟੀ ਦੇ।

ਪਹਿਲਾਂ ਪੰਗਤ ਦੇ ਵਿਚ, ਬੈਠ ਛਕੋ ਪਰਸ਼ਾਦਾ ਜੀ,
ਪਰਮ ਸੁਨੇਹੇ ਘੱਲੀ ਜਾਂਦੇ, ਆਸ਼ਕ ਮਿੱਟੀ ਦੇ।

ਪਿੰਡੇ ਉੱਤੇ ਜਰ ਕੇ, ਰੋਜ਼ ਬੁਛਾੜਾਂ ਨੀਰ ਦੀਆਂ,
'ਜੀਤ' ਹਕੂਮਤ ਠੱਲ੍ਹੀ ਜਾਂਦੇ, ਆਸ਼ਕ ਮਿੱਟੀ ਦੇ।

◈◈◈

## 8.

ਸਤਹ ’ਤੇ ਸੁੱਤੀਆਂ ਲਹਿਰਾਂ ਦੇ ਦੁਖੜੇ ਜਾਣ ਆਈ ਹਾਂ।
ਮੈਂ ਰਾਤਾਂ ਜਾਗ ਕੇ ਸਾਗਰ ਦਾ ਰੇਤਾ ਛਾਣ ਆਈ ਹਾਂ।

ਮੇਰੇ ਪੈਰਾਂ ਦੇ ਹੇਠੋਂ ਧਰਤੀ, ਖਿੱਚਣ ਵਾਲਿਓ ਲੋਕੋ।
ਮੈਂ ਅੰਬਰ ਆਪਣੇ ਹਿੱਸੇ ਦਾ, ਸਿਰ ’ਤੇ ਤਾਣ ਆਈ ਹਾਂ।

ਮੈਂ ਆਪਣੀ ਏਸ ਇੱਛਾ ਨੂੰ ਵੀ, ਪੂਰੀ ਕਰ ਲਿਆ ਹੁਣ ਤਾਂ,
ਬਹਾਰਾਂ ਤਿਤਲੀਆਂ ਦੇ ਨਾਲ਼, ਬਾਗ਼ੀਂ ਮਾਣ ਆਈ ਹਾਂ।

ਮੈਂ ਤੇਰੇ ਨਾਮ ਦੀ ਗੁੱਡੀ, ਹੈ ਜਦ ਤੋਂ ਸਿਖ਼ਰ ’ਤੇ ਡਿੱਠੀ,
ਤਾਂ ਸ਼ੀਸ਼ੇ ਸਾਹਮਣੇ ਤੇਰਾ, ਹੀ ਕਰ ਗੁਣ ਗਾਣ ਆਈ ਹਾਂ।

ਜੇ ਮੇਰੇ ਸ਼ਹਿਰ ਵਿਚ ਆਉਣਾ, ਤੂੰ ਜੀ ਸਦਕੇ ਚਲਾ ਆਵੀਂ,
ਕਿ ਮੈਂ ਵੀ ਭੈਂਗੀਆਂ ਨੀਤਾਂ ਦੀ ਕੱਢ ਕੇ ਕਾਣ ਆਈ ਹਾਂ।

ਤੁਸੀਂ ਨਾ ਮੇਰੀਆਂ ਭੁੱਖਾਂ, ਤੇ ਤੇਹਾਂ ਦੀ ਕਰੋ ਚਿੰਤਾ,
ਮੈਂ ਗ਼ਮ ਹੀ ਪੀ ਕੇ ਆਈ ਹਾਂ, ਤੇ ਗ਼ਮ ਹੀ ਖਾਣ ਆਈ ਹਾਂ।

ਨਹੀਂ ਮਨਜ਼ੂਰ ਮੈਨੂੰ ‘ਜੀਤ’, ਰਹਿਣਾ ਭੱਥਿਆਂ ਅੰਦਰ,
ਮੈਂ ਖੁੱਭਾਂ ਹਿੱਕ ਵਿਚ ਦੁਸ਼ਮਣ ਦੇ ਬਣ ਕੇ ਬਾਣ ਆਈ ਹਾਂ।

◈◈◈

## 9.

ਆਪੇ ਹੀ ਅਪਣਾ ਅਪਮਾਨ ਕਰਾਓਗੇ?
ਬਿਨ ਰੰਗਾਂ ਦੇ ਮੂਰਤ ਕਿੰਞ ਬਣਾਓਗੇ?

ਫੁੱਲ ਤੋੜ ਕੇ ਝਟਪਟ ਬੋਝੇ ਪਾ ਲੈਂਦੇ ਓ,
ਖ਼ੁਸ਼ਬੂ ਉੱਤੇ ਕਾਬੂ ਕਿੱਦਾਂ ਪਾਓਗੇ?

ਬੀਤ ਗਏ ਉਹ ਵੇਲੇ ਜਦ ਵਣਜਾਰੇ ਸਓ,
ਹੁਣ ਕੀ ਵੀਣੀ ਫੜਕੇ ਵੰਗ ਚੜਾਓਗੇ?

ਪਹਿਲਾਂ ਲੱਗਿਆਂ ਦੀ ਵੀ ਕੋਈ ਗਿਣਤੀ ਨਈਂ,
ਹਾਲੇ ਹੋਰ ਵੀ ਕਿੰਨੇ ਫੱਟ ਲਗਾਓਗੇ?

ਪੰਜੇ-ਆਬਾਂ ਵਾਂਗਰ ਇਹ ਵੀ ਸੁੱਕ ਚੁੱਕੇ,
ਹੁਣ ਨੈਣਾਂ ਵਿਚ ਡੁਬਕੀ ਕਿੰਞ ਲਗਾਓਗੇ?

ਰਾਮ, ਤੁਹਾਡੇ ਕੋਲੋਂ ਵੀ ਨਾ ਬਣ ਹੋਣਾ,
ਮੁੜ ਸੀਤਾ ਨੂੰ ਕਿੱਦਾਂ ਫਿਰ ਅਜ਼ਮਾਓਗੇ?

ਘਰ ਅੰਦਰ ਹੀ ‘ਜੀਤ’ ਨੂੰ ਲਾਂਬੂ ਲਾ ਦੇਵੋ,
ਬਿਨ ਕਫ਼ਨੋਂ ਵੀ ਕਿੱਥੇ ਲੋਥ ਲਿਜਾਓਗੇ?

◈◈◈

## 10.

ਕੁਦਰਤ ਨੇ ਖਵਰੇ ਮਨ ’ਚ ਕੀ ਧਾਰੀ ਹੋਈ।
ਪੱਕੀ ਫ਼ਸਲ ਉੱਤੇ ਗੜੇਮਾਰੀ ਹੋਈ।

ਮੈਂ ਉਮਰ ਭਰ ਪਿੰਡੇ ’ਤੇ ਲੋਆਂ ਝੱਲੀਆਂ,
ਹੁਣ ਦਰਦ ਨਾ ਪੱਕੀ ਮੇਰੀ ਯਾਰੀ ਹੋਈ।

ਉਹ ਗ਼ੈਰ ਦੇ ਧਾਗੇ ਨਾ ਰਲ਼ ਕੇ ਨੱਚੀਆਂ,
ਇਹ ਪੁਤਲੀਆਂ ਦੀ ਬੇਬਸੀ ਭਾਰੀ ਹੋਈ।

ਤੇਰੀ ਮੁਹੱਬਤ ਖ਼ਾਬ ਦੇ ਵਿਚ ਕਾਇਮ ਹੈ,
ਤਾਂ ਅੱਖ ਮੇਰੀ ਹਰ ਸੁਬ੍ਹਾ ਖ਼ਾਰੀ ਹੋਈ।

ਜਦ ਮਾਂ ਦੇ ਹੱਥ ਦੀ ਸ਼ੈਅ ਬਣੀ ਨੂੰ ਤੱਕਿਆ,
ਤਾਂ ਯਾਦ ਉਸ ਦੀ ਹੋਰ ਵੀ ਭਾਰੀ ਹੋਈ।

ਮੈਂ ਜੀਣ ਖ਼ਾਤਰ ਸਿਰ ਤਲੀ ’ਤੇ ਧਰ ਲਿਆ,
ਤੇ ਮੌਤ ਵੀ ਲਗਦੀ ਏ ਹੁਣ ਹਾਰੀ ਹੋਈ।

ਆਤਿਸ਼ ਭਰੀ ਹੋਈ ਹੈ ਸੋਚਾਂ ਵਿਚ ਅਗਰ,
ਫਿਰ ਆਸ ਵੀ ਨਾ ਰੱਖ ਕਿਤੋਂ ਠਾਰੀ ਹੋਈ।

ਸੂਰਜ ਨੇ ਦਿੱਤਾ ਨਿੱਘ ਉਸ ਨੂੰ ‘ਜੀਤ’ ਇੰਞ,
ਧਰਤੀ ਉਸੇ ਦੀ ਆਗਿਆਕਾਰੀ ਹੋਈ।

◈◈◈



## 11.

ਤੇਰੇ ਮੋਹ ਦਾ ਕਰਜ਼ਾ ਨਾਲੋ ਨਾਲ ਉਤਾਰ ਦਿਆਂ।
ਦਿਲ ਕਹਿੰਦੈ, ਮੈਂ ਇਸ ਜਿੰਦ ਨੂੰ, ਤੇਰੇ ’ਤੇ ਵਾਰ ਦਿਆਂ।

ਸ਼ਰਮ, ਹਯਾ, ਮਜਬੂਰੀ, ਔਰਤ ਦੇ ਹਿੱਸੇ ਆਈ,
ਮੈਂ, ਆਪਣੇ ਹਿੱਸੇ ਦੀ ਕਿੱਦਾਂ? ਤੈਨੂੰ ਹਾਰ ਦਿਆਂ।

ਤੂੰ ਅਕਸਰ ਹੀ ਮੇਰੀ ਤੁਲਨਾ, ‘ਕੁਦਰਤ’ ਨਾਲ ਕਰੀ,
ਮੇਰੀ ਰੀਝ ਹੈ ਤੈਨੂੰ ਕੁਦਰਤ ਦਾ ਵਿਸਥਾਰ ਦਿਆਂ।

ਜਿੱਦਣ ਤੋਂ ਤੂੰ ਦਿੱਤੇ ਮੈਨੂੰ, ਜ਼ਖ਼ਮਾਂ ਦੇ ਤੋਹਫ਼ੇ,
ਓਦਣ ਤੋਂ ਜ਼ਖ਼ਮਾਂ ਨੂੰ, ਤੇਰੇ ਵਾਂਗ ਪਿਆਰ ਦਿਆਂ।

ਕੁਝ ਗੱਲੀਂ ਲਾਪਰਵਾਹੀ, ਬੇਸ਼ਕ ਮਨਜ਼ੂਰ ਨਹੀਂ,
ਤੈਨੂੰ ਬੇਪਰਵਾਹ ਕਹਿਕੇ ਵੀ, ਕਿੰਞ ਨਕਾਰ ਦਿਆਂ?

ਮਨ ਦੇ ਗੁਲਸ਼ਨ ਵਿਚ ਹੀ, ਫੁੱਲ ਖਿੜਾ ਕੇ ਸੱਧਰਾਂ ਦੇ,
ਦਿਲ ਕਰਦਾ ਹੈ ਮਹਿਕਾਂ, ਤੇਰੇ ਤੀਕ ਖ਼ਿਲਾਰ ਦਿਆਂ।

‘ਜੀਤ’ ਦੀਆਂ ਜ਼ੁਲਫ਼ਾਂ ਨੂੰ ਆਖੇਂ, ਤੂੰ ਕਿਉਂ ਨਾਗਣੀਆਂ?
ਹਾਰ ਕੇ ਆਖ਼ਰ, ਮੈਂ ਵੀ ਤੈਨੂੰ ਹੀ ਡੰਗ ਮਾਰ ਦਿਆਂ।

◈◈◈

## 12.

ਕਦਮਾਂ ਦੀ ਰਫ਼ਤਾਰ ਘਟੇ ਨਾ ਸੂਰਮਿਓਂ!
ਹੁਣ ਮੰਜ਼ਲ ਦਾ ਪਿਆਰ ਘਟੇ ਨਾ ਸੂਰਮਿਓਂ!

ਊੜੇ ਜੂੜੇ ਰਹਿਣ ਨਿਸ਼ਾਨੀ ਨਸਲਾਂ ਦੀ,
ਗਿਣਤੀ ਵਿਚ ਦਸਤਾਰ ਘਟੇ ਨਾ ਸੂਰਮਿਓਂ!

ਅੰਬਰ ਦੇ ਇਸ ਪਾਸੇ ਤੋਂ ਉਸ ਪਾਸੇ ਤੀਕ,
ਹੁਣ ਬਾਜ਼ਾਂ ਦੀ ਡਾਰ ਘਟੇ ਨਾ ਸੂਰਮਿਓਂ!

ਫੁੱਲਾਂ ਵਾਂਗੂੰ ਮਹਿਕਾਂ ਵੰਡ ਦੇ ਰਹਿਣਾ ਏਂ,
ਬੇਸ਼ੱਕ ਬਾਗ਼ 'ਚੋਂ ਖ਼ਾਰ ਘਟੇ ਨਾ ਸੂਰਮਿਓਂ!

ਜੇ ਦੁਸ਼ਮਣ ਦੀ ਧੌਣ 'ਤੇ ਗੋਡਾ ਧਰਿਆ ਏ,
ਹੁਣ ਫਿਰ ਇਸ ਦਾ ਭਾਰ ਘਟੇ ਨਾ ਸੂਰਮਿਓਂ!

ਓਸ ਬਚਿੱਤਰ ਸਿੰਘ ਦੇ ਵਾਰਸ ਬਣ ਜਾਈਏ,
ਨਾਗਣੀਆਂ ਦੀ ਮਾਰ ਘਟੇ ਨਾ ਸੂਰਮਿਓਂ!

ਹਿੰਦੂ ਮੁਸਲਿਮ ਸਿੱਖ ਈਸਾਈ ਜੁੜ ਬੈਠੇ,
ਸਾਡਾ ਇਹ ਪਰਵਾਰ ਘਟੇ ਨਾ ਸੂਰਮਿਓਂ।

ਨਫ਼ਰਤ ਦੀ ਅੱਗ ਮੇਟਣ ਖ਼ਾਤਰ ਵਗਿਆ ਹੈ,
ਦਰਿਆ ਠੰਢਾ ਠਾਰ ਘਟੇ ਨਾ ਸੂਰਮਿਓਂ!

ਹਰਦਮ 'ਜੀਤ' ਜੋ ਮੰਗੇ ਵਿਚ ਦੁਆਵਾਂ ਦੇ,
ਖ਼ੁਸ਼ੀਆਂ ਦਾ ਉਪਹਾਰ ਘਟੇ ਨਾ ਸੂਰਮਿਓਂ!

◈◈◈



## 13.

ਪੜ੍ਹਾਈ ਹੋਰ ਕੀਤੀ ਸੀ, ਅਦਾਰਾ ਹੋਰ ਮਿਲਿਆ ਹੈ।
ਮੁਹੱਬਤ ਹੋਰ ਸੀ ਦਿਲ ਦੀ, ਪਿਆਰਾ ਹੋਰ ਮਿਲਿਆ ਹੈ।

ਅਸਾਂ 'ਤੇ ਪੱਛਮੀ ਰੰਗਾਂ ਨੇ ਕੈਸੀ ਪਾਣ ਚਾੜ੍ਹੀ ਏ,
ਨਜ਼ਾਕਤ ਵੀ ਗਵਾਈ ਹੈ, ਕਸਾਰਾ ਹੋਰ ਮਿਲਿਆ ਹੈ।

ਫਿਰੇ ਜੋ ਬਿਰਹੜਾ ਗਾਉਂਦੀ, ਇਹ ਉੱਠ ਕੇ ਪੌਣ ਰਾਤਾਂ ਨੂੰ,
ਇਮਾਰਤ ਰੀਝ ਦੀ ਵਿੱਚੋਂ, ਖਿਲ੍ਹਾਰਾ ਹੋਰ ਮਿਲਿਆ ਹੈ।

ਕੋਈ ਇਤਫ਼ਾਕ ਸੀ ਬੇਸ਼ੱਕ, ਤੇਰਾ ਉਸ ਮੋੜ ਤੇ ਮਿਲਣਾ,
ਸ਼ਰਾਰਤ ਹੋਰ ਕੀਤੀ ਸੀ, ਹੁਲਾਰਾ ਹੋਰ ਮਿਲਿਆ ਹੈ।

ਭਲਾ ਹੋਇਆ, ਕਿ ਇਹ ਬੇੜੀ, ਕਿਤੇ ਜਾ ਕੇ ਤਾਂ ਪਹੁੰਚੀ ਹੈ,
ਤੁਰੀ ਸੀ ਹੋਰ ਪਾਸੇ ਨੂੰ, ਕਿਨਾਰਾ ਹੋਰ ਮਿਲਿਆ ਹੈ।

ਨਾ ਖ਼ਾਲੀ ਮੋੜਦਾ ਦਰ ਤੋਂ, ਮੇਰਾ ਦਿਲਦਾਰ ਹੈ ਮਾਹੀ,
ਇਜਾਜ਼ਤ ਹੋਰ ਮੰਗੀ ਸੀ, ਹੁੰਗਾਰਾ ਹੋਰ ਮਿਲਿਆ ਹੈ।

ਮੇਰੀ ਚਾਹਤ ਤੋਂ ਵੱਧ ਕੇ ਹੀ, ਸਦਾ ਇਹ ਜ਼ਿੰਦਗੀ ਦੇਵੇ,
ਕੁੜੱਤਣ ਪੀ ਲਵਾਂ ਜਿੰਨੀ ਵੀ ਖ਼ਾਰਾ ਹੋਰ ਮਿਲਿਆ ਹੈ।

ਬੁਰਾ ਕੀ ਹੋ ਗਿਆ ਮੈਥੋਂ, ਲਿਖੇ ਜੇ ਵਲਵਲੇ ਦਿਲ ਦੇ,
ਕਿ ਇਹਨਾਂ ਅੱਖਰਾਂ ਤੋਂ ਹੀ, ਸਹਾਰਾ ਹੋਰ ਮਿਲਿਆ ਹੈ।

ਬੜਾ ਬੇਜ਼ਾਰ ਕਰਦਾ ਹੈ, ਜ਼ਮਾਨਾ ਜੀਣ ਦਿੰਦਾ ਨਾ,
ਸਦਾ ਹੀ ਜੱਗ ਤੋਂ ਇਹ ਦਰਦ ਭਾਰਾ ਹੋਰ ਮਿਲਿਆ ਹੈ।

◈◈◈

## 14.

ਮਿਲਿਆ ਨਹੀਂ ਮਹਿਫ਼ੂਜ਼ ਕੋਈ ਘਰ ਅਜੇ।
ਚਿੜੀਆਂ ਨੂੰ ਰਹਿੰਦਾ ਸ਼ਿਕਰਿਆਂ ਦਾ ਡਰ ਅਜੇ।

ਮੈਂ ਕਹਿਕਸ਼ਾਂ ਤੋਂ ਦੂਰ ਤੱਕ ਕੀਤਾ ਸਫ਼ਰ,
ਮੰਜ਼ਿਲ ਮਿਲਣ ਤੋਂ ਹੋ ਗਈ ਮੁਨਕਰ ਅਜੇ।

ਨਿੱਤ ਰਿਸ਼ਤਿਆਂ ਦੀ ਵੇਲ ਨੂੰ ਪਾਣੀ ਦਵਾਂ,
ਪਰ ਫੁੱਲ ਵਫ਼ਾ ਦੇ ਨਾ ਸਕੇ ਪੁੰਗਰ ਅਜੇ।

ਮੈਂ ਉਮਰ ਦੀ ਚਾਦਰ ’ਤੇ ਰੀਝਾਂ ਕੱਢਦੀ,
ਰੀਝਾਂ ਨੂੰ ਨਿਗਲੇ ਸੋਚ ਦਾ ਅਜਗਰ ਅਜੇ।

ਹਰ ਵਕਤ ਮੇਰੇ ਜ਼ਿਹਨ ਦੇ ਵਿਚ ਤੈਰਦੇ,
ਪਰ ਜਜ਼ਬਿਆਂ ਨੂੰ ਨਾ ਮਿਲੇ ਰਹਿਬਰ ਅਜੇ।

ਨਿੱਘੀ ਜਿਹੀ ਚਾਹਤ ਵੀ ਬੱਜਰ ਪਾਪ ਹੈ,
ਇਹ ਚਾਅ ਕੁਆਰੇ ਜਾਣ ਫਿਰ ਕਿੱਧਰ ਅਜੇ।

ਦਰਦਾਂ ਦੇ ਖ਼ੂਹ ’ਚੋਂ ਡੋਲ ਭਰ ਖਿੱਚਾਂ ਕਿਵੇਂ,
ਪੀੜਾਂ ਦਾ ਪਾਣੀ ਤਾਂ ਰਿਹਾ ਹੈ ਭਰ ਅਜੇ।

ਉੱਠ ‘ਜੀਤ’ ਜੀਵਨ ਜੀਣ ਦੀ ਹੁਣ ਜਾਚ ਸਿੱਖ,
ਬੈਠੀ ਏਂ ਕਿਉਂ ਤੂੰ ਪਰਦਿਆਂ ਅੰਦਰ ਅਜੇ।

◈◈◈



## 15.

ਹਵਾ ਨੇ ਰੋਕਣਾ ਤਾਂ ਕੀ, ਸਗੋਂ ਜ਼ਿਆਦਾ ਮਚਾਈ ਹੈ।
ਘਟਾ ਸਾਵਣ ਦੀ ਨੇ ਆ ਕੇ, ਜੋ ਸੀਨੇ ਅੱਗ ਲਾਈ ਹੈ।

ਦਲੀਲਾਂ ਲੱਖ ਦੇ ਲਈਏ, ਕੋਈ ਨਾ ਫ਼ੈਸਲਾ ਹੋਣਾ,
ਹਵਾਲਾ ਵਕਤ ਦੇਵੇਗਾ, ਮੁਹੱਬਤ ਕਿਸ ਪੁਗਾਈ ਹੈ।

ਇਹ ਪੀੜਾਂ ਸਹਿ ਲਵੇ ਹੱਸ ਕੇ, ਬੜਾ ਹੀ ਜਿਗਰ ਹੈ ਇਸ ਦਾ,
ਕਰੀ ਦੁਨੀਆਂ ਨੇ ਧਰਤੀ ਦੀ, ਬੜੀ ਡੂੰਘੀ ਖ਼ੁਦਾਈ ਹੈ।

ਸਜ਼ਾ ਮਿਲਦੀ ਰਹੀ ਹੁਣ ਤੀਕ ਵੀ ਜਿਹੜੇ ਗੁਨਾਹਾਂ ਦੀ,
ਕਦੇ ਤਾਂ ਪੁੱਛ ਲਿਆ ਹੁੰਦਾ, ਕਿ ਤੇਰੀ ਕੀ ਸਚਾਈ ਹੈ।

ਕਿ ਰਾਤਾਂ ਜਾਗ ਕੇ ਵੀ ਟੀਸੀਆਂ ਤੇ ਪਹੁੰਚ ਨਾ ਹੋਇਆ,
ਉਮੀਦਾਂ ਮੇਰੀਆਂ ਦੀ, ਪਰਬਤਾਂ ਜਿੰਨੀ ਉਚਾਈ ਹੈ।

ਜੋ ਕਹਿੰਦਾ ਹੈ ਕਿ ਮੈਂ ਤੈਨੂੰ, ਬੜੀ ਸ਼ਿੱਦਤ ਨਾ ਲੱਭਾ ਏ,
ਮੈਂ ਕਿੱਦਾਂ ਕਹਿ ਦਿਆਂ ਉਸ ਨੂੰ, ਕਿ ਹੁਣ ਤਾਂ ਇਹ ਪਰਾਈ ਹੈ।

ਸਦਾ ਪੰਜਾਬ ਦੀ ਕਿਉਂ ਰੋਲਦੀ ਹੈ, ਆਬਰੂ ਦਿੱਲੀ,
ਸਿਆਸਤ ਕੌਣ ਕਰਦਾ ਹੈ? ਤੇ ਇਹ ਕਿਸ ਨੇ ਬਚਾਈ ਹੈ।

ਤੁਸੀਂ ਤਾਂ ਉਸ ਦੀਆਂ ਗ਼ਜ਼ਲਾਂ ਨੂੰ, ਸ਼ਬਦਾਂ ਤੀਕ ਪੜ੍ਹਦੇ ਹੋ,
ਕਿਸੇ ਨੂੰ ‘ਜੀਤ’ ਕੀ ਦੱਸੇ, ਮੈਂ ਕੀਮਤ ਕੀ ਚੁਕਾਈ ਹੈ।

◈◈◈

## 16.

ਕਲੀ ਦੀ ਮਹਿਕ ਨੂੰ ਕਿਰਦਾਰ, ਦੇ ਵਿਚ ਭਰ ਕੇ ਆਵਾਂਗੀ।
ਮੈਂ ਇਸ ਖ਼ਾਰਾਂ ਜਿਹੀ ਦੁਨੀਆਂ, ਦੇ ਹਮਲੇ ਜਰ ਕੇ ਆਵਾਂਗੀ।

ਹਯਾਤੀ ਨੇ ਜੋ ਦਿੱਤੇ ਨੇ, ਗ਼ਮਾਂ ਦਾ ਬੋਝ ਹੈ ਮਨ 'ਤੇ,
ਇਨ੍ਹਾਂ ਦਾ ਤੋੜ ਜਦ ਲੱਭੂ, ਤਾਂ ਕਾਸਾ ਕਰ ਕੇ ਆਵਾਂਗੀ।

ਮੈਂ ਸੱਚੀ ਕਹਿ ਦਿਆਂ ਮੂੰਹ 'ਤੇ, ਕਿ ਏਨੀ ਅਣਖ ਰੱਖਦੀ ਹਾਂ,
ਮੈਂ ਨਾ ਮਨਜ਼ੂਰ ਹੋ ਕੇ ਨਾ, ਤੇ ਨਾ ਹੀ ਡਰ ਕੇ ਆਵਾਂਗੀ।

ਤੂੰ ਪੱਟ ਦਾ ਮਾਸ ਭੁੰਨਣ ਦੀ, ਦਿਖਾਵੇਂ ਜੁਅੱਰਤ ਜੇ ਮੈਨੂੰ,
ਝਨਾਂ ਮਜ਼ਬੂਰੀਆਂ ਦਾ ਵੀ, ਮੈਂ ਸਾਰਾ ਤਰ ਕੇ ਆਵਾਂਗੀ।

ਮੇਰੇ ਤੋਂ ਪਾਰ ਨਾ ਹੋਇਆ ਜੇ, ਇਹ ਸਾਗਰ ਮੁਹੱਬਤ ਦਾ,
ਤੂੰ ਰੱਖੀਂ ਹੌਸਲਾ ਇਕ ਦਿਨ, ਤੇਰੇ ਤਕ ਖ਼ਰ ਕੇ ਆਵਾਂਗੀ।

ਮੈਂ ਪਹਿਲਾਂ ਵਾਂਗ ਹੀ ਚਾਹਵਾਂ, ਮਾਂ ਤੇਰੀ ਗੋਦ ਵਿਚ ਸੌਣਾ,
ਤੂੰ ਬਾਹਵਾਂ ਖੋਹਲ ਕੇ ਰੱਖੀਂ ਮੈਂ, ਜਿੱਦਣ ਠਰ ਕੇ ਆਵਾਂਗੀ।

ਬੜਾ ਖ਼ਾਮੋਸ਼ ਰਹਿੰਦਾ ਹੈ, ਤੇ ਨੀਵੀਂ ਪਾ ਕੇ ਤੁਰਦਾ ਜੋ,
ਇਸ਼ਾਰਾ 'ਜੀਤ' ਉਹ ਦੇਵੇ, ਮੈਂ ਪੀੜਾਂ ਹਰ ਕੇ ਆਵਾਂਗੀ।

◈◈◈

## 17.

ਕਰਾਂਗੇ ਦੂਰ ਨੇਰ੍ਹੇ ਨੂੰ, ਮਸ਼ਾਲਾਂ ਨੂੰ ਜਲਾਵਾਂਗੇ।
ਤੇ ਸੂਰਜ ਸੱਚ ਦਾ ਆਪਣੇ, ਹੀ ਮੱਥੇ 'ਚੋਂ ਉਗਾਵਾਂਗੇ।

ਅਸੀਂ ਖੇਤਾਂ ਦੇ ਵਾਰਿਸ ਹਾਂ, ਉਡੀਕਾਂ ਲੰਮੀਆਂ ਹੋਣਾ,
ਮਿਲਾ ਕੇ ਖੇਤ ਵਿਚ ਦਾਣੇ, ਜਦੋਂ ਬੱਲੀਆਂ ਪਕਾਵਾਂਗੇ।

ਤੇਰੇ ਤੋਂ ਦੱਬ ਨਹੀਂ ਹੋਣੇ, ਅਸਾਡੇ ਵਲਵਲੇ ਹੁਣ ਤਾਂ,
ਕਦੋਂ ਤਕ ਵੰਡ ਕੇ ਖ਼ੁਸ਼ੀਆਂ, ਵੀ ਬਾਣੇ ਗ਼ਮ ਦੇ ਪਾਵਾਂਗੇ?

ਸਿਰਾਂ 'ਤੇ ਓੜ ਕੇ ਅੰਬਰ, ਚਮਕੀਏ ਤਾਰਿਆਂ ਵਾਂਗੂੰ,
ਮੜਾਸਾ ਰਾਤ ਦੇ ਬੰਨ੍ਹ ਕੇ, ਸਵੇਰੇ ਨੂੰ ਜਗਾਵਾਂਗੇ।

ਵਤਨ ਨੂੰ ਯਾਦ ਕਰ ਕੇ ਵੀ, ਦਿਲੇ 'ਚੋਂ ਹੂਕ ਉੱਠਦੀ ਹੈ,
ਤੇ ਹੋ ਕੇ ਗ਼ੈਰ ਮੁਲਕੀ ਵੀ, ਕਦੋਂ ਤੀਕਰ ਨਿਭਾਵਾਂਗੇ?

ਚਿਰਾਂ ਤੋਂ ਭਾਲ਼ਦੀ ਹਾਂ ਮੈਂ, ਜੋ ਜੱਗ 'ਤੇ ਨੂਰ ਨੇਕੀ ਦਾ,
ਜੇ ਮੈਨੂੰ ਮਿਲ ਕਿਤੇ ਜਾਵੇ, ਤਾਂ ਬਦੀਆਂ ਨੂੰ ਹਰਾਵਾਂਗੇ।

ਕਿਵੇਂ ਬਿਨ ਸੀਸ ਤੋਂ ਲੜਨਾ, ਮੁਹਾਰਤ ਜਾਣੀਏ ਸਾਰੀ,
ਤੇਰੇ ਜ਼ਬਰਾਂ ਤੋਂ ਡਰ ਡਰ ਕੇ, ਨਾ ਫ਼ਰਜ਼ਾਂ ਨੂੰ ਭੁਲਾਵਾਂਗੇ।

ਭੁਲਾ ਕੇ 'ਜੀਤ' ਹੋਸ਼ਾਂ ਨੂੰ, ਇਬਾਦਤ ਇਸ਼ਕ ਦੀ ਕਰਨੀ,
ਬਣਾ ਕੇ ਆਸਥਾ ਰੱਖੀਂ, ਤੇਰੇ ਹੀ ਦਰ 'ਤੇ ਆਵਾਂਗੇ।

◈◈◈

## 18.

ਔਰਤ ਦੇ ਹੱਕ ਵਾਲੀ, ਹੁਣ ਵੀ ਜੇ ਗੱਲ ਹੋਵੇ।
ਔਰਤ ਦੇ ਜੰਮਿਆਂ ਤੋਂ ਹੀ ਨਾ ਇਹ ਝੱਲ ਹੋਵੇ।

ਬਸ ਦਿਲ 'ਚ ਰੀਝ ਰੱਖੀਂ, ਅੱਜ ਨੂੰ ਸ਼ਿੰਗਾਰਨੇ ਦੀ,
ਰੰਗਾਂ ਬਗ਼ੈਰ ਗੁਜ਼ਰੀ, ਬੇਸ਼ੱਕ ਹੀ ਕੱਲ੍ਹ ਹੋਵੇ।

ਜੀਵਨ ਦਾ ਲੁਤਫ਼ ਲੈਂਦੇ ਓਹੀ ਸੰਸਾਰ ਦੇ ਵਿਚ,
ਜੀਵਨ ਨੂੰ ਮਾਨਣੇ ਦਾ, ਜਿਹਨਾਂ ਨੂੰ ਵੱਲ ਹੋਵੇ।

ਓਸੇ ਦੀ ਨੀਤ ਉੱਤੇ ਦੁਨੀਆਂ ਸਵਾਲ ਕਰਦੀ,
ਸੀਨੇ ਦੇ ਵਿਚ ਜਿਸ ਦੇ, ਬਿਰਹਾ ਦਾ ਸੱਲ੍ਹ ਹੋਵੇ।

ਫ਼ਰਜ਼ਾਂ ਦਾ ਭਾਰ ਏਨਾ, ਮੇਰੇ ਤੇ ਪੈ ਗਿਆ ਹੈ,
ਹੱਕਾਂ ਦੇ ਰਾਹ 'ਤੇ ਤਾਹੀਓਂ, ਮੈਥੋਂ ਨਾ ਚੱਲ ਹੋਵੇ।

ਇਸ਼ਕੇ ਦੇ ਰੋਗ ਖ਼ਾਤਰ, ਦੇਖਾਂ ਤਬੀਬ ਕਾਹਤੋਂ,
ਤੇਰਾ ਹੀ ਨਾਮ ਲੈ ਕੇ, ਮਸਲਾ ਜੇ ਹੱਲ ਹੋਵੇ।

ਮੈਂ ਮੁੱਦਤਾਂ ਤੋਂ ਗੋਤੇ, ਇਹਦੇ 'ਚ ਖਾ ਰਹੀ ਹਾਂ,
ਪੀੜਾਂ ਦਾ 'ਜੀਤ' ਦਰਿਆ, ਕਿਧਰੇ ਤਾਂ ਠੱਲ੍ਹ ਹੋਵੇ।

◈◈◈

## 19.

ਬਿਨ ਗੱਲ ਤੋਂ ਸੰਦੇਸ਼ੇ ਘੱਲੀ ਜਾਂਦੇ ਹੋ।
ਔਰਤ ਖ਼ਾਲੀ ਥਾਂ ਨਹੀਂ, ਮੱਲੀ ਜਾਂਦੇ ਹੋ।

ਬੇਅਕਲੋ! ਨਦੀਆਂ ਦੇ ਪ੍ਰਵਾਹ ਨਹੀਂ ਰੁਕਣੇ,
ਪੱਥਰ ਬਣ ਕੇ ਕਾਹਤੋਂ ਠੱਲ੍ਹੀ ਜਾਂਦੇ ਹੋ।

ਉਹ ਬੰਦੇ ਦੀ ਅੱਖ ਦੂਰੋਂ ਪਹਿਚਾਣ ਲਵੇ,
ਜਿਸ ਔਰਤ ਨੂੰ ਆਖੀ ਝੱਲੀ ਜਾਂਦੇ ਹੋ।

ਇਹ ਦੋਸਤੀਆਂ ਖੇਡ ਨਾ ਗੁੱਡੇ ਗੁੱਡੀ ਦਾ,
ਨਿੱਤ ਜੋ ਕਰ ਕੇ ਗੱਲ ਕੁਵੱਲੀ ਜਾਂਦੇ ਹੋ।

ਜੱਗ ਜਨਣੀ ਦਾ ਰੁਤਬਾ ਜਿਸ ਨੂੰ ਦਿੱਤਾ ਏ,
ਓਸੇ ਦਾ ਕਿਰਦਾਰ ਉਥੱਲੀ ਜਾਂਦੇ ਹੋ।

ਕਾਗ਼ਜ਼ ਦੇ ਕਿਰਦਾਰਾਂ ਵਰਗੇ ਹੀ ਲਗਦੇ,
ਇਹ ਨਾ ਸਮਝੋ ਪੌਣ ਦੁਬੱਲੀ ਜਾਂਦੇ ਹੋ।

'ਜੀਤ' ਕਹੇ ਜਦ ਗਲਣੀ ਏਥੇ ਦਾਲ ਨਹੀਂ,
ਕਿਉਂ ਅਖਵਾ ਕੇ 'ਲੱਲੀ ਛੱਲੀ' ਜਾਂਦੇ ਹੋ।

◈◈◈

## 20.

ਰਾਤ ਅਸਾਂ ਇਕ ਰੀਝ ਪਰੋਈ, ਰੀਝ ਪਰੋਈ ਚਾਵਾਂ ਨਾਲ।
ਦਿਨ ਨੂੰ ਮਣਕਾ-ਮਣਕਾ ਹੋਈ, ਹੌਕੇ ਹੰਝੂ ਹਾਅਵਾਂ ਨਾਲ।

ਨੈਣਾਂ ਦੇ ਵਿਚ ਲਾਲੀ ਰੜਕੇ, ਹਾਸੇ ਭੁੱਲ ਗਏ ਬੁੱਲ੍ਹਾਂ ਨੂੰ,
ਦਿਲ ਦਾ ਗੁਲਸ਼ਨ ਤੀਲਾ-ਤੀਲਾ, ਹੋਇਆ ਤੱਤੀਆਂ 'ਵਾਵਾਂ' ਨਾਲ।

ਕੀ ਜਾਣੋਂ? ਕੋਈ ਕੀਕਣ ਝੱਲੇ, ਖ਼ਾਬਾਂ ਦੀ ਰੁਸਵਾਈ ਨੂੰ,
ਫੀਤਾ-ਫੀਤਾ ਹੋਏ ਸਾਰੇ, ਫਿਰ ਜਜ਼ਬਾਤ, ਜਫ਼ਾਵਾਂ ਨਾਲ।

ਤਨ ਦਾ ਵਾਸਾ ਮੁਲਕ ਬਿਗਾਨੇ, ਰੂਹ ਤਾਂ ਓਥੇ ਰਹਿੰਦੀ ਏ,
ਵਿਹੜੇ ਦੇ ਵਿਚ ਚਿੜੀਆਂ ਚਹਿਕਣ, ਸੱਜਣ ਆਉਂਦੇ ਕਾਂਵਾਂ ਨਾਲ।

ਅੱਧ-ਵਿਚਲੇ ਧਾਗੇ ਉਲਝੇ, ਰਿਸ਼ਤੇ ਸਾਰੇ ਗ਼ਰਜ਼ਾਂ ਦੇ,
ਚੌਂਕਾਂ ਦੇ ਵਿਚ ਜੀਵਨ ਭਟਕੇ, ਰਾਹ ਨਾ ਮਿਲਦੇ ਰਾਹਵਾਂ ਨਾਲ।

ਅੱਖਾਂ ਦੇ ਵਿਚ ਹੰਝੂ ਭਰ ਕੇ, ਧੀ ਰਾਣੀ ਇਹ ਆਖ ਰਹੀ,
ਭਾਬੋ ਵੀਰਾ ਆਪਣੀ ਥਾਂ ਨੇ, ਪੇਕੇ ਸਜਦੇ ਮਾਵਾਂ ਨਾਲ।

ਮੈਂ ਹਰਫ਼ਾਂ ਵਿਚ ਭਰਦੀ ਜਾਵਾਂ, ਹੁਣ ਖੁਸ਼ਬੋਈ ਬਚਪਨ ਦੀ,
'ਠੱਟਾ ਸ਼ਹਿਰ ਨਗੀਨਾ' ਮੇਰਾ, ਘੱਲਾਂ ਸ਼ੁੱਭ ਇੱਛਾਵਾਂ ਨਾਲ।

◈◈◈



## 21.

ਹਨੇਰੀ ਝੁੱਲਦੀ ਡਾਢੀ, ਇਕੱਲਾ ਰੁੱਖ ਅੜੇ ਕਿੱਦਾਂ।
ਹੁਸਨ ਦੇ ਵੇਗ ਦੇ ਸਾਹਵੇਂ, ਭਲਾ ਆਸ਼ਕ ਖੜ੍ਹੇ ਕਿੱਦਾਂ।

ਕਿਤਾਬੀ ਕੀੜਿਆਂ ਵਾਂਗੂੰ, ਕਿਤਾਬਾਂ ਲੱਖ ਪੜ੍ਹਦਾ ਹੈ,
ਇਬਾਰਤ ਅੱਖੀਆਂ ਵਾਲੀ, ਪੜਾਕੂ ਪਰ ਪੜ੍ਹੇ ਕਿੱਦਾਂ।

ਮੈਂ ਸੁੱਚੇ ਇਸ਼ਕ ਦੀ ਵਾਰਿਸ, ਪਰੀਤਾਂ ਪਾਲ਼ੀਆਂ ਨੇ ਮੈਂ,
ਜ਼ਮਾਨਾ ਦੋਸ਼ ਧੋਖੇ ਦਾ, ਮੇਰੇ ਉੱਪਰ ਮੜ੍ਹੇ ਕਿੱਦਾਂ।

ਸਿਤਾਰੇ ਬਣ ਕੇ ਮੇਰੇ ਖ਼ਾਬ, ਰਾਤੀਂ ਟਿਮਟਿਮਾਉਂਦੇ ਨੇ,
ਤੇ ਪੁੱਛੇ ਚੰਨ ਆ ਮੈਥੋਂ, ਤੂੰ ਅੰਬਰ ਤੇ ਜੜੇ ਕਿੱਦਾਂ।

ਮੇਰੇ ਚਾਵਾਂ ਦੀ ਫੁਲਕਾਰੀ, ਤੇ ਨੱਚਦੇ ਮੋਰ ਸੱਧਰਾਂ ਦੇ,
ਘਟਾ ਇਸ਼ਕੇ ਦੇ ਅੰਬਰ 'ਤੇ ਭਲਾ ਫਿਰ ਨਾ ਚੜ੍ਹੇ, ਕਿੱਦਾਂ।

ਕਿਵੇਂ ਦੱਸ ਭੋਲਿਆਂ ਲੋਕਾਂ ਨੂੰ ਇਹ ਸਮਝਾ ਸਕਾਂਗੀ ਮੈਂ,
ਸ਼ਮਾਂ ਦੀ ਲਾਟ ਦੇ ਉੱਤੇ, ਪਤੰਗੇ ਆ ਸੜੇ ਕਿੱਦਾਂ।

ਨਦੀ ਕੁਛ ਇਸ ਤਰ੍ਹਾਂ ਉੱਛਲੀ, ਕਿ ਲੈ ਗਈ ਰੋੜ੍ਹ ਕੇ ਸਭ ਕੁਝ,
ਕਿਨਾਰੇ ਪੁੱਛਦੇ ਲਹਿਰਾਂ, ਨੂੰ ਇਹ ਪੱਥਰ, ਹੜ੍ਹੇ ਕਿੱਦਾਂ।

ਮੇਰਾ ਨਾਂ 'ਜੀਤ' ਹੈ ਬੇਸ਼ੱਕ, ਤੇਰੇ ਲਈ ਹਾਰ ਜਾਵਾਂਗੀ,
ਜੇ ਦੱਸ ਦੇਵੇਂ, ਪਰਿੰਦੇ ਰੀਝ ਮੇਰੀ ਦੇ ਫੜੇ ਕਿੱਦਾਂ।

◈◈◈

## 22.

ਗ਼ਰੀਬਾਂ ਨੂੰ ਸਤਾਉਂਦੇ ਦਾ, ਤੇਰਾ ਨਾ ਕਾਲਜਾ ਡੋਲੇ।
ਵਤਨ ਦੇ ਰਾਜਿਆ ਤੇਰੇ, ਤਾਂ ਸੱਤਾ ਸਿਰ ਚੜ੍ਹੀ ਬੋਲੇ।

ਅਸਾਂ ਤੋਂ ਸਹਿ ਨਹੀਂ ਹੁੰਦੇ, ਤੇਰੇ ਇਸ ਰਾਜ ਦੇ ਤੇਵਰ,
ਕਿ ਅਣਖੀ ਯੋਧਿਆਂ ਤਾਈਂ, ਜੋ ਏਨਾ ਸੜਕ 'ਤੇ ਰੋਲੇ।

ਯਕੀਨਨ ਹੀ ਉਹਦੇ ਬੁੱਲ੍ਹਾਂ 'ਚੋਂ ਵੀ ਫੁੱਲ ਕਿਰਨਗੇ ਫਿਰ ਤਾਂ,
ਅਗਰ ਬੋਲਣ ਤੋਂ ਪਹਿਲਾਂ ਆਪਣੇ, ਬੋਲਾਂ ਨੂੰ ਉਹ ਤੋਲੇ।

ਸਿਆਸਤ ਧਰਮ, ਬੋਲੀ, ਜਾਤ, ਦੇ ਨਾਵਾਂ 'ਤੇ ਚੱਲਦੀ ਹੈ,
ਤੇ ਹਾਕਮ ਵੰਡੀਆਂ ਪਾਵੇ, ਜਦੋਂ ਮੂੰਹ ਆਪਣਾ ਖੋਲ੍ਹੇ।

ਬਣਾਵੇ ਆਲ੍ਹਣਾ ਕਿੱਦਾ, ਚੁਗਾਵੇ ਚੋਗ ਬੋਟਾਂ ਨੂੰ,
ਚਿੜੀ ਆਟੇ ਦੀ ਵੀ ਨੋਚਣ, ਜਦੋਂ ਸਾਧਾਂ ਦੇ ਹੁਣ ਟੋਲੇ।

ਧੀਆਂ ਦੇ ਨਾਲ ਬੈਠੀ ਨੂੰ, ਜਦੋਂ ਮਾਂ ਯਾਦ ਆਉਂਦੀ ਹੈ,
ਮੈਂ ਭੁੱਗਾ ਕੁੱਟ ਲਵਾਂ ਆਪੇ, ਰਲਾ ਕੇ ਗੁੜ ਅਤੇ ਛੋਲੇ।

ਮੈਂ ਅੰਬਰ ਲਾਹ ਕੇ ਧਰਤੀ 'ਤੇ, ਬਣਾਵਾਂ ਪੀਂਘ ਬਹੁਰੰਗੀ,
ਲਲਾਰੀ ਘੋਲ ਰੰਗਾਂ ਦਾ, ਕਦੇ ਕੁਦਰਤ ਜਿਹਾ ਘੋਲੇ।

ਜੋ ਹੁੰਦੇ ਸਿਰੜ ਦੇ ਪੱਕੇ, ਦਿਲਾਂ 'ਤੇ ਰਾਜ ਕਰਦੇ ਨੇ,
ਤੇ ਨਜ਼ਰੋਂ 'ਜੀਤ' ਲਹਿ ਜਾਂਦੇ, ਨੇ ਜੋ ਕਿਰਦਾਰ ਦੇ ਪੋਲੇ।

◈◈◈

## 23.

ਮੈਂ ਬਾਬਲ ਦੀ ਨਗਰੀ, ਫੇਰੀ ਪਾ ਆਈ ਹਾਂ।
ਰਾਤੀਂ ਸੁਪਨੇ ਦੇ ਵਿਚ, ਵਤਨੀਂ ਜਾ ਆਈ ਹਾਂ।

ਮਾਂ ਦੇ ਹੱਥ ਦੀ ਖਾਧੀ ਨੂੰ, ਚਿਰ ਹੋਇਆ ਸੀ,
ਵਿਹੜੇ ਦੇ ਵਿਚ ਬੈਠ, ਗੁਰਾਹੀ ਖਾ ਆਈ ਹਾਂ।

ਚੇਤੇ ਵਿਚ ਰੱਖਣਗੇ, ਵੀਰ ਸਦਾ ਹੀ ਮੈਨੂੰ,
ਠੰਢੀਆਂ ਛਾਵਾਂ ਖ਼ਾਤਰ, ਬੂਟਾ ਲਾ ਆਈ ਹਾਂ।

ਗਲੀਆਂ ਦੇ ਵਿਚ ਦੇਖ ਕੇ, ਬਚਪਨ ਮੌਲ ਰਹੇ,
ਛੋਟੇ ਛੋਟੇ ਪਲ ਫਿਰ ਤੋਂ, ਮੁਸਕਾ ਆਈ ਹਾਂ।

ਜਿਹਨਾਂ ਰਾਹਾਂ ਤੋਂ ਸੀ, ਪੜ੍ਹਨ ਸਕੂਲੇ ਜਾਂਦੀ,
ਉਹਨਾਂ ਰਾਹਾਂ ਨੂੰ ਵੀ, ਸੀਸ ਝੁਕਾ ਆਈ ਹਾਂ।

ਇੱਕ ਅਵਾਰਾ ਬੇੜੀ ਖ਼ਾਲੀ ਡੁਸਕ ਰਹੀ ਸੀ,
ਮੈਂ ਕਾਗ਼ਜ਼ ਦੀ ਹਿੱਕ 'ਤੇ, ਦਰਿਆ ਵਾਹ ਆਈ ਹਾਂ।

ਨਾਨਕ ਦੇ ਘਰ ਜਾ ਕੇ, ਮਿਲਿਆ ਚੈਨ ਬੜਾ,
ਉਸਦੀ ਰਹਿਮਤ ਦੇ ਵਿਚ, ਟੁੱਭੀ ਲਾ ਆਈ ਹਾਂ।

ਮੇਰੀ ਗੋਦ 'ਚ ਖੇਡਣ, ਮੇਰੇ ਬਾਲ-ਅੰਞਾਣੇ ਹੁਣ,
ਘਰ ਮਾਹੀ ਦੇ ਮੁੜ ਕੇ, 'ਜੀਤ' ਮੈਂ ਤਾਂ ਆਈ ਹਾਂ।

◈◈◈

## 24.

ਜੋ ਅੱਖਾਂ ਵਿਚ ਅਟਕਿਆ ਸੀ, ਉਹ ਦਰਿਆ ਵਹਿ ਗਿਆ ਹੈ।
ਬੜਾ ਹੀ ਬੋਝ ਸੀ ਮਨ 'ਤੇ, ਉਹ ਵੀ ਹੁਣ ਲਹਿ ਗਿਆ ਹੈ।

ਇਹਦੀ ਆਦਤ ਪੁਰਾਣੀ ਹੈ, ਕਦੇ ਵੀ ਬੋਲਦਾ ਨਾ,
ਸਮਾਂ ਸਾਨੂੰ ਇਸ਼ਾਰੇ ਨਾਲ, ਸਭ ਕੁਝ ਕਹਿ ਗਿਆ ਹੈ।

ਮੈਂ ਸੀਮਤ ਘੇਰਿਆਂ ਅੰਦਰ, ਹੀ ਖ਼ੁਦ ਨੂੰ ਕੈਦ ਰੱਖਿਆ,
ਕਿਲ੍ਹਾ ਇਹ ਬੰਦਿਸ਼ਾਂ ਵਾਲਾ, ਵੀ ਆਪੇ ਢਹਿ ਗਿਆ ਹੈ।

ਬੜੇ ਚਿਰ ਤੋਂ ਸ਼ਰਾਫ਼ਤ ਦਾ, ਜੋ ਚਿਹਰੇ ਤੇ ਸਜਾਇਆ,
ਭਰੇ ਬਾਜ਼ਾਰ ਵਿਚ ਤੇਰਾ, ਮਖੌਟਾ ਲਹਿ ਗਿਆ ਹੈ।

ਖ਼ੁਮਾਰੀ ਇਸ਼ਕ ਦੀ ਚੜ੍ਹਦੀ, ਕਿਵੇਂ ਅਹਿਸਾਸ ਨਾ ਸੀ,
ਅਚੰਭੇ, ਲੋਰ, ਹੈਰਤ ਨੂੰ ਵੀ, ਇਹ ਦਿਲ ਸਹਿ ਗਿਆ ਹੈ।

ਰਹੇ ਹੁਣ ਜੂਝਦੀ ਦਿਨ ਰਾਤ, ਆਪਣੀ ਹੋਂਦ ਦੇ ਲਈ,
ਕਿ ਪਰਬਤ ਅੱਥਰਾ ਚੋਟੀ 'ਨਾ ਆ ਕੇ ਖਹਿ ਗਿਆ ਹੈ।

ਮੈਂ ਤਾਰੇ ਸ਼ਾਮ ਦੇ ਵੇਲੇ, ਸੀ ਜਦ ਵੀ ਗੌਰ ਨਾ ਵੇਖੇ,
ਕੋਈ ਅਪਣਾ ਜਿਹਾ ਲੱਗੇ, ਕਿ ਕੋਲੇ ਬਹਿ ਗਿਆ ਹੈ।

◈◈◈



## 25.

ਨੇਰ੍ਹਾ ਦੂਰ ਭਜਾਈਂ, ਏਸ ਦੀਵਾਲੀ 'ਤੇ।
ਤੇਲ ਸਨੇਹ ਦਾ ਪਾਈ, ਏਸ ਦੀਵਾਲੀ 'ਤੇ!

ਜਿੰਨਾ ਚਾਨਣ ਹੋਵੇ, ਓਨਾ ਥੋੜ੍ਹਾ ਹੈ,
ਦੀਵੇ ਹੋਰ ਜਗਾਈਂ, ਏਸ ਦੀਵਾਲੀ 'ਤੇ!

ਸਗਨਾਂ ਦੇ ਦਿਨ ਸੱਜਣਾ, ਨੇੜੇ ਹੋ ਜਾਈਏ,
ਦੂਰੀ ਆਪ ਮਿਟਾਈਂ, ਏਸ ਦੀਵਾਲੀ 'ਤੇ!

ਦਿਲ ਦਰਿਆ ਦੇ ਉੱਤੇ, ਤਾਰੀਂ ਫੁੱਲ ਕੋਈ,
ਹਰ ਪਾਸਾ ਮਹਿਕਾਈਂ, ਏਸ ਦੀਵਾਲੀ 'ਤੇ।

ਸਾਰੇ ਆਲਮ ਵਿਚ, ਹੋ ਜਾਵਣ ਰੌਸ਼ਨੀਆਂ,
ਵਸਲ ਦੀ ਵੱਤੀ ਲਾਈਂ, ਏਸ ਦੀਵਾਲੀ 'ਤੇ!

ਹਰ ਪਾਸੇ ਹੀ ਖੇੜੇ-ਖ਼ੁਸ਼ਬੂ ਹੋ ਜਾਵਣ,
ਪ੍ਰੇਮ ਦਾ ਨਗ਼ਮਾ ਗਾਈਂ, ਏਸ ਦੀਵਾਲੀ 'ਤੇ!

ਕਿੰਨੀ ਮਿੱਠੀ ਹੁੰਦੀ ਨਾਨਕ ਦੀ ਬਾਣੀ,
ਸਭ ਨੂੰ ਆਖ ਸੁਣਾਈਂ, ਏਸ ਦੀਵਾਲੀ 'ਤੇ!

ਹਾਰਾਂ ਦੇ ਵਿਚ ਅਕਸਰ, 'ਜੀਤ' ਛੁਪੀ ਹੁੰਦੀ,
ਦਿਲ ਹੀ ਨਾ ਛੱਡ ਜਾਈਂ, ਏਸ ਦੀਵਾਲੀ 'ਤੇ!

◈◈◈

## 26.

ਜਦ ਵੀ ਮੈਂ ਖ਼ਤ ਪੁਰਾਣੇ, ਦੇਖੇ ਨੇ ਖੋਲ੍ਹ ਉਸ ਦੇ।
ਅਕਸਰ ਹੀ ਬੈਠ ਜਾਵਾਂ, ਜਾ ਕੇ ਮੈਂ ਕੋਲ ਉਸ ਦੇ।

ਨੈਣਾਂ ਦੇ ਵਿਚ ਮਸਤੀ, ਬੁੱਲ੍ਹੀਆਂ ’ਤੇ ਸ਼ੋਖ਼ ਹਾਸਾ,
ਓਹਦੇ ਤੋਂ ਵੱਧ ਚੰਗੇ, ਲਗਦੇ ਨੇ ਬੋਲ ਉਸ ਦੇ।

ਖ਼ੂਹੀ ਦੀ ਮੌਣ ਉੱਤੋਂ, ਉਤਰੀ ਸੀ ਲੱਜ ਵੀ ਝੱਲੀ,
ਐਪਰ ਸੀ ਨਾਲ ਬੱਝਾ, ਕੋਈ ਤਾਂ ਡੋਲ ਉਸ ਦੇ।

ਕਹਿੰਦੇ ਆ ਇਕ ਲਲਾਰੀ, ਰੂਹਾਂ ਵੀ ਰੰਗ ਕਰਦੈ,
ਮੇਰੇ ਨਾ ਭਾਗ ਦੇ ਵਿਚ, ਰੰਗਾਂ ਦੇ ਘੋਲ ਉਸਦੇ।

ਪੌਣਾਂ ਦੀ ਇਲਤਿਜਾ ਹੈ, ਬੱਦਲ ਬੇ ਮੌਸਮੇ ਨੂੰ,
ਸਾਨੂੰ ਨਾ ਰਾਸ ਆਉਂਦੇ, ਇਹ ਨਾਪਤੋਲ ਉਸਦੇ।

ਖਾਵੇ ਖ਼ਤਾ ਹਮੇਸ਼ਾਂ ਹੀ ‘ਜੀਤ’ ਜ਼ਿੰਦਗੀ ਤੋਂ,
ਓਦਾਂ ਤਾਂ ਫ਼ੈਸਲੇ ਸਭ, ਹੁੰਦੇ ਅਡੋਲ ਉਸਦੇ।

◈◈◈

## 27.

ਵਿਦਾਈ ਦੇਣ ਉਹ ਆਇਆ, ਤਾਂ ਇਹ ਕਹਿਕੇ ਵਿਦਾ ਹੋਇਆ।
ਇਕੱਲੀ ਜਾਨ ਨਾ ਸਮਝੀਂ, ਮੇਰਾ ਮਹਿਰਮ ਖ਼ੁਦਾ ਹੋਇਆ।

ਮੈਂ ਉਸ ਦੇ ਨੀਲਿਆਂ ਨੈਣਾਂ, ਚੋਂ ਪਹਿਲੀ ਵੇਰ ਤੱਕਿਆ ਜੋ,
ਨਜ਼ਾਰੇ ਓਸ ਨੂੰ ਨਾ ਕਹਿ, ਅਜੇ ਤਕ ਅਲਵਿਦਾ ਹੋਇਆ।

ਦਿਲਾ ! ਆਵਾਜ਼ ਤੇਰੀ ਨੂੰ, ਜੋ ਸੁਣਕੇ ਖਿੱਚਿਆ ਜਾਂਦੈ,
ਖ਼ੁਦੀ ਨੂੰ ਮਾਣਦਾ ਹੈ ਉਹ, ਤੇ ਉਹ ਹੀ ਬਾ-ਖ਼ੁਦਾ ਹੋਇਆ।

ਇਹ ਤੈਨੂੰ ਮਿਲਣ ਦੇ ਮਗਰੋਂ, ਹੀ ਮੈਨੂੰ ਸਮਝ ਆਈ ਹੈ,
ਕਿ ਮੈਨੂੰ ਝੱਲ ਹੈ ਤੇਰਾ, ਮੇਰਾ ਤੈਨੂੰ ਸ਼ੁਦਾ ਹੋਇਆ।

ਤੇਰੇ ਹੀ ਨਾਮ ’ਤੇ ਮਿਲਦੇ ਨੇ ਮੈਨੂੰ ਦਾਨ ਵਿਚ ਮਤਲੇ,
ਗ਼ਜ਼ਲ ਮੇਰੀ ਦਾ ਹਰ ਸ਼ੇਅਰ, ਵੀ ਤੇਰੇ ’ਤੇ ਫ਼ਿਦਾ ਹੋਇਆ।

ਮੇਰੇ ਨੈਣਾਂ ਦੇ ਹੰਝੂ ਵੀ, ਜਿਵੇਂ ਕਿ ਰੁਖ਼ਸਤੀ ਲੈ ਗਏ,
ਜਦੋਂ ਚਿਹਰਾ ਮੈਂ ਤੇਰਾ ਦੇਖਿਆ, ਸੀ ਹੱਸਦਾ ਹੋਇਆ।

ਜੇ ਮੇਰੇ ਕੋਲ ਉਹ ਆਉਂਦਾ, ਤਾਂ ਫਿਰ ਉਹ ਜਾ ਨਾ ਸਕਦਾ ਸੀ,
ਹਿਲਾਇਆ ਹੱਥ ਬਸ ਦੂਰੋਂ, ਜਦੋਂ ਵੀ ਉਹ ਜੁਦਾ ਹੋਇਆ।

ਨਸ਼ਾ ਹੈ ਇਸ਼ਕ ਦਾ ਚੜ੍ਹਿਆ, ਜਦੋਂ ਵੀ ਹੁਸਨ ਦੇ ਉੱਪਰ,
ਉਦੋਂ ਇਹ ਹੁਸਨ ਵੀ ਤਾਂ ‘ਜੀਤ’, ਇਕ ਦਿਲਕਸ਼ ਅਦਾ ਹੋਇਆ।

◈◈◈

## 28.

ਰਾਤ ਹਨੇਰੀ ਵਿਚ ਅਸੀਂ ਤੇਰੇ ਰਾਹ ਰੁਸ਼ਨਾਏ।
ਪਰ ਤੂੰ ਸਾਡੀ ਕੀਤੀ ਦੇ ਭੋਰਾ ਮੁੱਲ ਨਾ ਪਾਏ।

ਰੱਖਿਆ ਕਰੀਏ ਗੌਰਵ ਦੀ, ਜੰਗ ਕਹੋ ਨਾ ਇਸ ਨੂੰ,
ਬਣਦੇ ਹੱਕ ਲੈਣ ਲਈ, ਪੰਜਾਬੋਂ ਵਾਰਿਸ ਆਏ।

ਥਾਂ ਥਾਂ 'ਤੇ ਨਾਕੇ ਲਾ, ਲਾਵੇਂ ਜ਼ੋਰ ਬਥੇਰਾ ਤੂੰ,
ਸਰਕਾਰੇ! ਕਿੰਝ ਰੋਕੇਂਗੀ, ਇਹ ਅਣਖਾਂ ਦੇ ਜਾਏ।

ਕਿਰਤਾਂ 'ਚੋਂ ਜੰਮਿਆਂ ਨੇ, ਰਾਖੀ ਕਿਰਤਾਂ ਦੀ ਕਰਨੀ,
ਸਾਡੇ ਸਿਦਕ ਨੇ ਸਾਨੂੰ ਤਾਂ ਏਹੋ ਸਬਕ ਸਿਖਾਏ।

ਪਾਣੀ ਦੇ ਟੈਂਕਾਂ ਨੇ, ਕੀ ਅਟਕਾਉਣਾ ਉਹਨਾਂ ਨੂੰ,
ਜੋ ਅਟਕੇ ਨਾ, ਅਟਕ ਜਿਹੇ ਦਰਿਆ ਦੇ ਅਟਕਾਏ।

ਵੰਡ ਕੇ ਛਕਣ ਦਾ ਮਤਲਬ, ਏਦਾਂ ਹਰਗਿਜ਼ ਨ੍ਹੀ ਹੁੰਦਾ,
ਕੋਈ ਸਾਡੇ ਹੱਕ ਵੀ ਸਾਥੋਂ, ਖੋਹ ਕੇ ਲੈ ਜਾਏ।

ਹੋਰ ਕਦੋਂ ਤੱਕ ਪਰਖੇਂਗੀ, ਹੁਣ ਤੂੰ ਸਾਡਾ ਜੇਰਾ,
ਜੱਗ ਦੇ ਦਾਤੇ ਹੋ ਕੇ ਵੀ ਖ਼ੁਦ ਭੁੱਖੇ ਤਿਰਹਾਏ।

ਹੁਣ ਇਹ ਦਿੱਲੀ ਦੂਰ ਨਹੀਂ, ਨਾ ਡਰਿਓ ਸੂਰਮਿਓਂ!
ਉਹ ਹੀ ਹੁੰਦਾ ਸੂਰਾ, ਜੋ ਆਪਣੀ ਹੋਂਦ ਬਚਾਏ।

◈◈◈



## 29.

ਸੋਹਣੀ ਇੱਕ ਸਵੇਰ, ਜਾਂ ਢਲਦੀ ਸ਼ਾਮ ਦੇ ਦੇਈਏ,
ਤੇਰੇ ਮੇਰੇ ਰਿਸ਼ਤੇ ਨੂੰ, ਇਕ ਨਾਮ ਦੇ ਦੇਈਏ।

ਜੀਵਨ ਦੀ ਏਸ ਕੁੜੱਤਣ 'ਚੋਂ ਘੁੱਟਾਂ ਭਰ ਲਈਆਂ,
ਹੁਣ ਨੈਣਾਂ 'ਚੋਂ ਇਕ ਦੂਜੇ, ਨੂੰ ਜਾਮ ਦੇ ਦੇਈਏ।

ਮਾਘ ਮੁਹੱਬਤ ਲੈ ਕੇ ਆਵੇ, ਸਾਰੀ ਦੁਨੀਆਂ ਲਈ,
ਸੂਰਜ ਦੀ ਲਾਲੀ 'ਤੇ, ਲਿਖ ਪੈਗ਼ਾਮ ਦੇ ਦੇਈਏ।

ਪ੍ਰੇਮ ਹਯਾਤੀ ਵਰਗੇ ਕੋਮਲ ਅਹਿਸਾਸਾਂ ਨੂੰ ਹੁਣ,
ਸ਼ਾਲਾ! ਬਾਕੀ ਰਹਿੰਦੀ, ਉਮਰ ਤਮਾਮ ਦੇ ਦੇਈਏ।

ਜੇ ਆਖੇਂ ਤਾਂ ਅੱਗ ਦੇ ਦਰਿਆ ਵੀ ਤਰ ਆਵਾਂਗੀ,
ਇਸ਼ਕ ਦੀ ਇਸ ਗਾਥਾ ਨੂੰ, ਇਕ ਅੰਜਾਮ ਦੇ ਦੇਈਏ।

ਮੈਂ ਫ਼ਰਜ਼ਾਂ ਦੀ ਗਠੜੀ, ਸਾਰੀ ਉਮਰ ਹੀ ਢੋਈ ਹੈ,
ਕਦਮਾਂ ਦੀ ਰਫ਼ਤਾਰ ਨੂੰ 'ਜੀਤ' ਵਿਰਾਮ ਦੇ ਦੇਈਏ।

◈◈◈

## 30.

ਸਾਰੇ ਜੱਗ ਦੀ ਸਿਰਜਨਹਾਰੀ, ਫੇਰ ਭਲਾ ਤੂੰ ਕਿਉਂ ਡੋਲੇਂ!
ਤੂੰ ਨਾਨਕ ਦੀ ਬੇਟੀ ਪਿਆਰੀ, ਫੇਰ ਭਲਾ ਤੂੰ ਕਿਉਂ ਡੋਲੇਂ!

ਸਿਦਕ ਸਲੀਕਾ ਸੰਜਮ ਭਰਿਆ, ਸਹਿਜ-ਸਿਆਣਪ ਤੇਰੇ ਵਿਚ,
ਤੂੰ ਹੈਂ ਏਨੀ ਪਰਉਪਕਾਰੀ, ਫੇਰ ਭਲਾ ਨੂੰ ਕਿਉਂ ਡੋਲੇਂ।

ਤੂੰ ਦੁਰਗਾ, ਤੂੰ ਸਰਸਵਤੀ, ਤੂੰ ਹੀ ਤਾਂ ਮਾਈ ਭਾਗੋ ਏਂ,
ਜੱਗ ਜਾਵੇ ਤੈਥੋਂ ਬਲਿਹਾਰੀ, ਫੇਰ ਭਲਾ ਤੂੰ ਕਿਉਂ ਡੋਲੇਂ!

ਪਿੱਠ ਦੇ ਉੱਤੇ ਬੰਨ੍ਹ ਕੇ ਪੁੱਤ ਨੂੰ, ਵੈਰੀ ਜਿਹਨੇ ਚਿੱਤ ਕੀਤਾ,
ਉਹ ਵੀ ਤਾਂ ਸੀ ਆਖ਼ਰ ਨਾਰੀ, ਫੇਰ ਭਲਾ ਤੂੰ ਕਿਉਂ ਡੋਲੇਂ!

ਇੱਕੋ ਬੂਟਾ ਆਂਗਣ ਦੇ ਵਿਚ, ਘਰ ਨੂੰ ਪਾਕ ਬਣਾ ਦੇਵੇ,
ਜਦ ਤੁਲਸੀ ਜਾਵੇ ਸਤਿਕਾਰੀ, ਫੇਰ ਭਲਾ ਤੂੰ ਕਿਉਂ ਡੋਲੇਂ!

ਤੇਹ ਦੀ ਪਾਣ ਚੜ੍ਹਾ ਕੇ ਪਾਵੇਂ, ਤੂੰ ਜਦ ਮੋਹ ਦੀਆਂ ਤੰਦਾਂ,
ਤੂੰ ਹੀ ਵਿਰਸਾ, ਤੂੰ ਫੁਲਕਾਰੀ, ਫੇਰ ਭਲਾ ਤੂੰ ਕਿਉਂ ਡੋਲੇਂ!

ਸਿਰ ਤੋਂ ਭਾਵੇਂ ਲਾਹੀ ਚੁੰਨੀ, ਲੱਕ ਦੁਆਲੇ ਬੰਨ੍ਹ ਲਈ,
ਹੁਣ ਨਾ 'ਜੀਤ' ਹੈ ਅਬਲਾ ਨਾਰੀ, ਫੇਰ ਭਲਾ ਤੂੰ ਕਿਉਂ ਡੋਲੇਂ!

◈◈◈

## 31.

ਸਹਿ ਸਕੇ ਨਾ ਵਾਰ ਜੋ ਨੈਣਾਂ ਦੀ ਤਿਰਛੀ ਧਾਰ ਦਾ।
ਕਿੰਝ ਭਰੋਸਾ ਕਰ ਲਵਾਂ, ਉਸ ਕਾਗ਼ਜ਼ੀ ਕਿਰਦਾਰ ਦਾ।

ਦੋਸਤਾਂ ਦੀ ਭੀੜ ਵਿਚ ਵੀ, ਮਨ ਦੇ ਅੰਦਰ ਖੌਫ਼ ਹੈ,
ਲੱਭ ਰਹੀਂ ਹਾਂ ਦੁਸ਼ਮਣਾਂ 'ਚੋਂ, ਹਾਣ ਮੈਂ ਇਤਬਾਰ ਦਾ।

ਹਾਂ ਕਰੀਂ ਜਾਂ ਨਾਂਹ ਕਰੀਂ, ਚਿੰਤਾ ਨਹੀਂ ਇਸ ਗੱਲ ਦੀ,
ਬੋਝ ਨਾ ਪਰ ਮਨ 'ਤੇ ਰੱਖੀਂ, ਤੂੰ ਕਿਸੇ ਇਕਰਾਰ ਦਾ।

ਕਾਲਜੇ 'ਚੋਂ ਰੁੱਗ ਭਰ ਕੇ, ਵਰਕਿਆਂ ਤੇ ਧਰ ਦਿਆਂ,
ਫੇਰ ਤੋਪਾ ਭਰ ਲਵਾਂ ਮੈਂ, ਹਿੱਕ ਦੇ ਲੰਗਾਰ ਦਾ।

ਜਦ ਵੀ ਭਰ ਕੇ ਡੁੱਲ੍ਹੀਆਂ, ਨਜ਼ਰਾਂ ਦੀ ਧੋਤੀ ਮੈਲ਼ ਵੀ,
ਸਾਕ ਗੂੜ੍ਹਾ ਅੱਖ ਨਾ, ਹੁੰਦਾ ਹੈ ਇਕ ਅਸ਼ਿਆਰ ਦਾ।

ਸੜਦੀਆਂ ਧੁੱਪਾਂ 'ਚ ਮਿਲਿਆ, ਜਦ ਕਦੇ ਸਾਇਆ ਮੇਰਾ,
ਕਹਿ ਦਿਆਂਗੀ ਹਾਲ ਸਾਰਾ, ਹੀ ਦਿਲੇ ਦਿਲਦਾਰ ਦਾ।

ਓਸ ਦਾ ਵੀ ਦੋਸ਼ ਨਾ, ਸੋਹਣੀ ਦੇ ਡੁੱਬਣ ਵਿੱਚ ਸੀ,
ਆਪਣੀ ਮਿੱਟੀ ਨੂੰ ਮਿਲਿਆ, ਸੀ ਘੜਾ ਘੁਮਿਆਰ ਦਾ।

ਮੈਂ ਖ਼ਿਜ਼ਾਂ ਵਰਗਾ ਹੀ ਜੀਵਨ, ਜੀਣ ਦੀ ਆਦੀ ਰਹੀ,
ਮੇਰੀਆਂ ਅੱਖਾਂ 'ਚ ਰੜਕੇ, ਖ਼ਾਬ ਪਰ ਗੁਲਜ਼ਾਰ ਦਾ।

ਪਿਆਰ ਦੇ ਦੋ ਬੋਲ ਕਹਿ ਕੇ, ਜਿੱਤ ਲਵੇ ਜੇ ਆਣ ਕੇ,
ਗ਼ਮ ਨਾ ਹੋਵੇ 'ਜੀਤ' ਮੈਨੂੰ, ਆਪਣੀ ਇਸ ਹਾਰ ਦਾ।

◈◈◈

## 32.

ਜ਼ਮਾਨੇ ਤੋਂ ਬੜਾ ਵੱਖਰਾ, ਜਿਹਾ ਕਿਰਦਾਰ ਰੱਖਦੀ ਹਾਂ।
ਬੇਲੋੜਾ ਝੁਕ ਨਹੀਂ ਸਕਦੀ, ਤੇ ਨਾ ਹੰਕਾਰ ਰੱਖਦੀ ਹਾਂ।

ਤੂੰ ਜਿੱਦਾਂ ਏਂ, ਉਵੇਂ ਆਈਂ, ਮੈਂ ਆਪੇ ਪਰਖ ਲੈਣਾ ਹੈ,
ਕਸੌਟੀ ਆਪਣੇ ਨੈਣਾਂ, ਦੀ ਮੈਂ ਸ਼ਿੰਗਾਰ ਰੱਖਦੀ ਹਾਂ।

ਨਹੀਂ ਮਨਜ਼ੂਰ ਹੈ ਮੈਨੂੰ, ਕਰੀ ਹੱਤਕ ਅਸੂਲਾਂ ਦੀ,
ਮੁਹੱਬਤ ਦਿਲ ’ਚ ਤੇ ਹੱਥਾਂ, ’ਚ ਮੈਂ ਤਲਵਾਰ ਰੱਖਦੀ ਹਾਂ।

ਮੈਂ ਟਿੱਕਾ ਲਾ ਦਿਆਂ ਕਾਲਾ, ਤੇਰੀ ਤਸਵੀਰ ਨੂੰ ਅਕਸਰ,
ਛੁਪਾ ਕੇ ਕਾਲੀਆਂ ਨਜ਼ਰਾਂ, ਤੋਂ ਆਪਣਾ ਪਿਆਰ ਰੱਖਦੀ ਹਾਂ।

ਮੇਰੇ ਚੇਤੇ ’ਚ ਪੇਕਾ ਹੈ, ਨਿਭਾਵਾਂ ਸਹੁਰਿਆਂ ਦੇ ਵਿਚ,
ਤੇ ਕੁੱਖੋਂ ਜੰਮਿਆਂ ਦੇ ਨਾਲ, ਕੁਲ ਸੰਸਾਰ ਰੱਖਦੀ ਹਾਂ।

ਭਲਾ ਹੋਇਆ, ਹਯਾਤੀ ਨੇ, ਜੋ ਇਹ ਪਰਦੇਸ ਦੇ ਦਿੱਤਾ,
ਮੈਂ ਬਿਰਤੀ ਵਿਚ ਸਵਦੇਸ਼ੀ, ਵੀ ਕੁਝ ਝਲਕਾਰ ਰੱਖਦੀ ਹਾਂ।

ਮੈਂ ਹਰ ਇਨਸਾਨ ਦੀ ਹੀ, ਪੀੜ ਹਰਨੀ ਲੋਚਦੀ ਹਾਂ ਹੁਣ,
ਤੇ ਏਸੇ ਵਾਸਤੇ ਸਾਰੇ ਹੀ, ਜੱਗ ਦੀ ਸਾਰ ਰੱਖਦੀ ਹਾਂ।

◈◈◈

## 33.

ਤੇਰੀ ਬੰਦਿਸ਼ ’ਚ ਰਹਿ ਕੇ ਹੀ, ਮੈਂ ਬੰਦਿਸ਼ ਨੂੰ ਨਿਭਾ ਜਾਣਾ।
ਤੇ ਦਿਲ ਦਾ ਹਾਲ ਮਹਿਰਮ ਜੀ, ਮੈਂ ਗਾ ਕੇ ਹੀ ਸੁਣਾ ਜਾਣਾ।

ਸਦਾ ਸਾਨੂੰ ਦਿਖਾਉਂਦਾ ਹੈ, ਕਦੇ ਵੀ ਧੂੜ ਨਾ ਝਾੜੇ,
ਮੈਂ ਸ਼ੀਸ਼ੇ ਨੂੰ ਵੀ ਇਕ ਵਾਰੀ, ਤਾਂ ਸ਼ੀਸ਼ਾ ਹੈ ਦਿਖਾ ਜਾਣਾ।

ਅਜੇ ਤਕ ਰਾਸ ਨਾ ਆਈ, ਜੋ ਰੀਝਾਂ ਨਾਲ ਲਾਈ ਸੀ,
ਮੈਂ ਮਹਿੰਦੀ ਵਾਲਿਆਂ ਬਾਗਾਂ ’ਚ ਕਰਨੇ ਲਈ ਗਿਲਾ ਜਾਣਾ।

ਸਫ਼ਰ ਦੇ ਵਿੱਚ ਤਾਂ ਅਕਸਰ, ਹੀ ਠੋਕ੍ਰ ਮਾਰਦੈ ਪੱਥਰ,
ਅਸੀਂ ਪਰ ਠੋਕ੍ਰਾਂ ਖਾ ਕੇ, ਕਦਮ ਅੱਗੇ ਵਧਾ ਜਾਣਾ।

ਰਿਹਾ ਜ਼ਾਲਮ ਨੂੰ ਤੋੜਨ ਦਾ, ਸਦਾ ਇਤਿਹਾਸ ਹੈ ਸਾਡਾ,
ਬਗ਼ਾਵਤ ਦੀ ਹਵਾ ਨੂੰ ਹੀ, ਅਸਾਂ ਝੱਖੜ ਬਣਾ ਜਾਣਾ।

ਜਦੋਂ ਵੀ ਗੱਲ ਤੂੰ ਕਰਦੈਂ, ਤਰਕ ਦੇ ਨਾਲ ਹੀ ਕਰਦੈਂ,
ਤੇਰੇ ਤਰਕਾਂ ਨੂੰ ਵੀ ਇਕ ਦਿਨ, ਭੁਲੇਖੇ ਵਿੱਚ ਪਾ ਜਾਣਾ।

ਉਹ ਹਿੰਮਤ ਦੇ ਹੀ ਖੋਟੇ ਨੇ, ਜੋ ਦਿੰਦੇ ਦੋਸ਼ ਕਿਸਮਤ ਨੂੰ,
ਉਹ ਰੋਂਦੇ ਜੱਗ ’ਤੇ ਆਏ, ਤੇ ਰੋਂਦੇ ਹੋ ਵਿਦਾ ਜਾਣਾ।

ਅਸਾਡੀ ਸੋਚ ਦਾ ਮਿਲਣਾ, ਸੁਭਾਵਿਕ ਹੀ ਸਹੀ ਭਾਵੇਂ,
ਤੁਸਾਂ ਦੇ ਵਾਸਤੇ ਇਕ ਦਿਨ, ਅਸੀਂ ਖ਼ੁਦ ਨੂੰ ਮਿਟਾ ਜਾਣਾ।

◈◈◈

## 34.

ਸੁਣੀ ਮਿੱਟੀ ਦੀ ਗਾਥਾ ਤਾਂ, ਆ-ਸਾਵਾਂ ਮਨ ਬੜਾ ਹੋਇਆ।
ਅਜੇ ਰਿਸਦੇ ਪੁਰਾਣੇ ਸੀ, ਤੂੰ ਕਿੱਸਾ ਫਿਰ ਨਵਾਂ ਛੋਹਿਆ।

ਤੇਰੇ ਸਿਤਮਾਂ ਨੂੰ ਸਹਿ ਕੇ ਜੋ, ਅਸਾਂ ਤਕਰੀਰ ਕਰਨੀ ਆ,
ਮੈਂ ਲੂਣੇ ਪਾਣੀਆਂ ਦੇ ਨਾਲ, ਹੀ ਜ਼ਖ਼ਮਾਂ ਨੂੰ ਹੈ ਧੋਇਆ।

ਸ਼ਗੂਫੇ ਘੜ ਸਿਆਸਤ ਦੇ, ਤੂੰ 'ਮਨ ਕੀ ਬਾਤ' ਕਰ ਛੱਡੀ,
ਤੇ ਸਿਦਕੀ ਸੂਰਬੀਰਾਂ ਦਾ, ਕਦੇ ਇਤਿਹਾਸ ਨਾ ਟੋਹਿਆ।

ਜ਼ਰਾ ਹੁਸ਼ਿਆਰ ਹੀ ਰਹਿਣਾ, ਜ਼ਮੀਰਾਂ ਸੁੱਤੀਆਂ ਕੋਲੋਂ,
ਜੋ ਸੁੱਤਾ ਜਾਗ ਜਾਂਦਾ ਹੈ, ਨਾ ਜਾਗੇ ਜਾਣ ਕੇ ਸੋਇਆ।

ਵਿਦੇਸ਼ੀ ਸੋਚ ਦਾ ਮਾਲਕ, ਗਵਾਹੀ ਗ਼ੈਰ ਦੀ ਭਰਦਾ,
ਮੇਰੇ ਪੰਜਾਬ ਦੀ ਧਰਤੀ 'ਤੇ, ਵੀ ਪਰਵਾਸ ਨੂੰ ਢੋਇਆ।

ਮੈਂ ਜਦ ਵੀ ਲੜਖੜਾਈ ਹਾਂ, ਉਹ ਢਾਰਸ ਦੇ ਗਿਆ ਆਪੇ,
ਕਦੇ ਵੀ ਖ਼ਤਮ ਨਾ ਹੋਣਾ, ਉਦ੍ਹੀ ਰਹਿਮਤ ਨੇ ਜੋ ਬੋਇਆ।

ਮੈਂ ਧੁੱਪਾਂ ਸਹਿ ਲਵਾਂ ਪਿੰਡੇ, ਤੇ ਰਾਤਾਂ ਕੱਕਰੀਂ ਠਰੀਆਂ,
ਰਤਾ ਵੀ ਸਹਿ ਨਹੀਂ ਹੋਣਾ, ਜੇ ਹੱਕ ਤੂੰ 'ਜੀਤ' ਦਾ ਖੋਹਿਆ।

◈◈◈

## 35.

ਜਿੱਦਾਂ ਤੇਰੀ ਯਾਦ ਹੈ ਆਉਂਦੀ, ਓਦਾਂ ਤੂੰ ਵੀ ਆ ਮਾਂਏ।
ਪੋਲੇ ਪੋਲੇ ਹੱਥਾਂ ਨਾਲ ਤੂੰ, ਮੇਰਾ ਸਿਰ ਸਹਿਲਾ ਮਾਂਏ।

ਬਚਪਨ ਵਿਚ ਜੋ ਤੂੰ ਸਿਖਾਇਆ, ਮੈਂ ਕਿਧਰੇ ਭੁੱਲ ਜਾਵਾਂ ਨਾ,
ਇਕ ਵਾਰੀ ਤੂੰ ਫਿਰ ਤੋਂ ਆ ਕੇ, ਉਹ ਪੈੜਾਂ ਦਰਸਾ ਮਾਂਏ।

ਤੇਰੇ ਵਾਂਗ ਸਵਾਰਨ ਦੀ, ਮੇਰੇ ਵਿਚ ਸੂਝ ਸਿਆਣਪ ਨਹੀਂ,
ਥਾਂ-ਥਾਂ ਉੱਤੋਂ ਜ਼ਖ਼ਮੀਂ ਰਿਸ਼ਤੇ, ਪਿਆਰ ਦੀ ਪੱਚਰ ਲਾ ਮਾਂਏ।

ਮੀਨਾਕਾਰੀ ਉੱਤੇ ਕਰਕੇ, ਬੋਤਲ ਵਿਚ ਕਿੰਵ ਪਾ ਲਈਆਂ?
ਮੇਰੀ ਸਮਝੋਂ ਬਾਹਰ ਨੇ ਘੁੱਗੀਆਂ, ਤੂੰ ਆ ਕੇ ਸਮਝਾ ਮਾਂਏ।

ਮੈਂ ਅਕਸਰ, ਬੁੱਤ ਬਣ ਕੇ ਰਹਿਜਾਂ, ਤੇ ਰੂਹ ਰੁਖ਼ਸਤ ਹੋ ਜਾਂਦੀ,
ਇਸ ਹਾਲਤ 'ਚੋਂ ਕਿੱਦਾਂ ਉੱਭਰਾਂ, ਇਹ ਗੁੱਥੀ ਸੁਲਝਾ ਮਾਏਂ।

ਮੇਰੇ ਹਿੱਸੇ ਦਾ ਸੂਰਜ ਵੀ, ਠਰਿਆ ਠਰਿਆ ਲੱਗਦਾ ਹੈ,
ਜਦ ਤੋਂ ਭਾਗਾਂ ਵਿੱਚੋਂ ਖੁੰਝੀ, ਨਿੱਘੀ ਇੱਕ ਦੁਆ ਮਾਂਏ।

"ਇਹ ਲੋਕ ਭਰੋਸੇਯੋਗ ਨਹੀਂ" ਤੂੰ ਅਕਸਰ ਹੀ ਕਹਿੰਦੀ ਸੈਂ,
ਤੇ ਇਸ ਲੋਕੋਂ ਪਾਰ ਲਿਆ, ਤੂੰ ਅਪਣਾ 'ਲੋਕ' ਵਸਾ ਮਾਂਏ।

ਤੇਰੀ ਯਾਦ ਦਾ ਠੰਢਾ ਬੁੱਲਾ, ਮੈਨੂੰ ਜਦ ਵੀ ਛੂੰਹਦਾ ਹੈ,
ਪੌਣਾਂ ਵਿੱਚ ਸੁਗੰਧੀ ਘੋਲੇ, ਤਨ-ਮਨ ਨੂੰ ਮਹਿਕਾ ਮਾਂਏ।

◈◈◈

## 36.

ਨਾ ਫ਼ਰਜ਼ਾਂ ਦਾ ਬੰਧਨ ਹੋਵੇ, ਨਾ ਗ਼ਰਜ਼ਾਂ ਦੀ ਚਾਹ।
ਜੇ ਮਹਿਰਮ ਹੀ ਮੰਜ਼ਿਲ ਹੋ ਜਾਏ, ਤੇ ਇਸ਼ਕੇ ਦਾ ਰਾਹ।

ਏਸ ਇਸ਼ਕ ਦੀ ਨਿੱਤ ਇਬਾਦਤ, ਕੁਦਰਤ ਵੀ ਹੈ ਕਰਦੀ,
ਸੂਰਜ ਦੇ ਵੀ ਇਸ਼ਕ 'ਚ ਧਰਤੀ, ਪਲ ਨਾ ਲੈਂਦੀ ਸਾਹ।

ਇੱਕ ਇਸ਼ਕ ਮੈਂ ਜੱਗ 'ਤੇ ਸੁਣਿਆ, ਚੰਨ ਦੇ ਨਾਲ ਚਕੋਰੀ,
ਕਹਿੰਦੀ, ਜੇ ਮੇਰੇ ਵੱਸ ਹੁੰਦਾ, ਅੰਬਰੋਂ ਲੈਂਦੀ ਲਾਹ।

ਸੋਚਾਂ ਵਿੱਚ ਨਜ਼ਾਕਤ ਆਵੇ, ਸ਼ਿਅਰਾਂ ਵਿੱਚ ਸ਼ਰਾਰਤ,
ਨਾਲ ਗ਼ਜ਼ਲ ਦੇ ਜਿੱਦਣ ਤੋਂ, ਸ਼ਾਇਰ ਦਾ ਪੈਂਦਾ ਵਾਹ।

ਅੱਭੜਵਾਹੇ ਅੱਖ ਖੁੱਲ੍ਹੀ, ਤਾਂ ਅੱਗੇ ਪਿੱਛੇ ਝਾਕੇ,
ਜਿੱਦਾਂ ਯਾਦ ਕੁਸੈਲ਼ੀ ਦਾ, ਵੱਜਦਾ ਹੈ ਸੋਟਾ ਠਾਹ।

ਔਰਤ ਦੇ ਦਾਮਨ 'ਤੇ ਲੱਗਾ, ਦਾਗ਼ ਹਮੇਸ਼ਾਂ ਤਰਦਾ,
ਪੱਥਰਾਂ ਵਾਂਗੂੰ ਡੁੱਬ ਜਾਂਦੇ ਨੇ, ਮਰਦ ਦੇ ਸੱਭ ਗੁਨਾਹ।

ਅਕਸਰ ਹੀ ਆ ਘੇਰੇ ਮੈਨੂੰ, ਯਾਦਾਂ ਦੀ ਪਰਛਾਈਂ,
ਕੀਕਣ 'ਜੀਤ' ਛੁਡਾਵਾਂ ਪੱਲਾ, ਸੋਚਾਂ ਲੈਣ ਜੇ ਫਾਹ।

◈◈◈



## 37.

ਮੇਰੇ ਡੋਲ ਰਹੇ ਦਿਲ ਨੂੰ, ਕੁਝ ਧਰਵਾਸਾ ਆਵੇ।
ਤੇਰੇ ਨਾਲ ਗੱਲ ਕਰ ਕੇ, ਬੁੱਲ੍ਹਾ 'ਤੇ ਹਾਸਾ ਆਵੇ।

ਪਿੱਤਲ ਦੇ ਬਦਲੇ ਲੋਕੀ, ਸੋਨੇ ਨੂੰ ਤੋਲਦੇ ਕਿਉਂ?
ਏਸੇ ਹੀ ਗੱਲ ਦਾ ਕੋਈ, ਕਰਨ ਖ਼ੁਲਾਸਾ ਆਵੇ।

ਗ਼ੈਰਾਂ ਦੀ ਧਰਤੀ 'ਤੇ, ਆ ਕੇ ਵੀ ਜਿੰਨੀ ਗੁਜ਼ਰੀ,
ਮੇਰੇ ਭਾਗਾਂ ਦਾ ਟੁੱਕ, ਏਥੇ ਵੀ ਬਾਸਾ ਆਵੇ।

ਫ਼ਰਜ਼ਾਂ ਨੇ ਹਾਲੇ ਤਕ, ਮੈਨੂੰ ਉੱਡਣ ਨਾ ਦਿੱਤਾ,
ਮੇਰੇ ਹਿੱਸੇ ਵੀ ਅੰਬਰ, ਉਂਝ ਤਾਂ ਖ਼ਾਸਾ ਆਵੇ।

ਪੌਣ ਸੁਰੀਲੀ ਤੋਂ ਵੀ, ਰਹਿਣਾ ਹੈ ਆਪਾਂ ਬਚ ਕੇ,
ਨੇਰ੍ਹੀ ਦੀ ਓਟ ਲੈ ਕੇ, ਦੇਵਣ ਜੇ ਝਾਸਾ ਆਵੇ।

ਕੁਦਰਤ ਦਾ ਮੰਥਨ ਕਰਕੇ, ਸੱਧਰਾਂ ਨਾ ਸਿੰਜ ਕੇ ਵੀ,
ਸ਼ਾਹਾਂ ਦੇ ਹੱਥ ਦੌਲਤ, ਕਿਰਤੀ ਦੇ ਕਾਸਾ ਆਵੇ।

'ਜੀਤ' ਦਿਸ਼ਾ ਤੋਂ ਖੁੰਝ ਕੇ, ਰਹਿ ਜਾਂਦੀ ਪੱਲੇ ਭਟਕਣ,
ਕੌਣ ਉਲਝਿਆਂ ਨੂੰ ਫਿਰ, ਦੇਣ ਦਿਲਾਸਾ ਆਵੇ?

◈◈◈

## 38.

ਦਿਸੇਂ ਨਾ ਤੂੰ ਜੇ ਥੋੜ੍ਹਾ ਚਿਰ, ਤਾਂ ਮੈਂ ਭੈਭੀਤ ਹੋ ਜਾਵਾਂ।
ਕਰੇਂ ਤੂੰ ਗਾਉਣ ਦਾ ਵਾਅਦਾ, ਮੈਂ ਤੇਰਾ ਗੀਤ ਹੋ ਜਾਵਾਂ।

ਮੇਰੇ ਸਾਹਾਂ 'ਚ ਵਸਦੀ ਹੈ, ਤੇਰੇ ਸਾਹਾਂ ਦੀ ਸਰਗਮ ਵੀ,
ਘੜੀ ਪਲ ਵਾਸਤੇ ਮੈਂ, ਸ਼ਾਮ ਦਾ ਸੰਗੀਤ ਹੋ ਜਾਵਾਂ।

ਕਰੇ ਸਰਸ਼ਾਰ ਰੂਹ ਨੂੰ ਜਦ, ਤੇਰਾ ਅਹਿਸਾਸ ਹੀ ਸਾਗਰ,
ਮੈਂ ਵਹਿੰਦੀ ਹਾਂ ਨਦੀ ਵਾਂਗੂੰ, ਕਿਵੇਂ ਦੱਸ ਸੀਤ ਹੋ ਜਾਵਾਂ?

ਤੇਰੇ ਹਿੱਸੇ ਦੀਆਂ ਰਾਤਾਂ, 'ਚੋਂ ਕਾਲਖ ਨੂੰ ਮਿਟਾਵੇ ਜੋ,
ਕਿਸੇ ਐਸੇ ਹੀ ਚਾਨਣ ਦੀ, ਨਿਰਾਲੀ ਝੀਤ ਹੋ ਜਾਵਾਂ।

ਮੈਂ ਆਪਣਾ ਸਾਥ ਜਨਮਾਂ ਦਾ, ਤੇਰੇ ਹੀ ਨਾਮ ਕਰ ਦਿੱਤਾ,
ਮੈਂ ਧੀ ਹੋਵਾਂ, ਜਾਂ ਮਾਂ ਹੋਵਾਂ, ਜਾਂ ਤੇਰੀ ਮੀਤ ਹੋ ਜਾਵਾਂ।

ਅਗਰ ਪਰਵਾਜ਼ ਮੇਰੀ ਤੋਂ, ਜ਼ਰਾ ਰੋਕਾਂ ਹਟਾ ਦੇਵੇਂ,
ਉੱਡਾਂ ਨੀਲੇ ਮੈਂ ਅੰਬਰ 'ਤੇ, ਕਿ ਮੁੜ 'ਸੁਰਜੀਤ' ਹੋ ਜਾਵਾਂ।

ਉਨ੍ਹੇ ਹੱਥਾਂ 'ਚ ਲਿਖ ਦਿੱਤਾ, ਫ਼ਰੰਗੀ ਰੰਗ ਕਿਸਮਤ ਦਾ,
ਉਹੀ ਮੌਲਾ, ਉਹੀ ਮਹਿਰਮ, ਉਦ੍ਹੀ ਹੀ 'ਜੀਤ' ਹੋ ਜਾਵਾਂ।

◈◈◈



## 39.

ਇਕ ਇਕ ਕਰਕੇ ਗਿਣਦੀ ਹਾਂ, ਘਟਨਾਵਾਂ ਬੀਤੇ ਸਾਲ ਦੀਆਂ।
ਕਿੱਥੇ ਕਿੱਥੇ ਕਿੰਨੀ ਵਾਰੀ, ਖ਼ੁਸ਼ੀਆਂ ਰਹੀਆਂ ਟਾਲ ਦੀਆਂ।

ਪਹਿਲਾਂ ਵਰਗੀ ਬੇਪਰਵਾਹੀ, ਹੁਣ ਕਲਮਾਂ ਵਿਚ ਲੱਭੇ ਨਾ,
ਹਰਫ਼ਾਂ ਨੂੰ ਗਲ਼ ਲਾ ਕੇ ਗੱਲਾਂ, ਕਰਨ ਜੋ ਸੁੱਚੀ ਘਾਲ ਦੀਆਂ।

ਬੇ-ਮਕਸਦ ਹੀ ਇਹਨਾਂ ਦੇ ਵਿਚ, ਮੈਂ ਡੂੰਘਾ ਲਹਿ ਜਾਨੀ ਹਾਂ,
ਯਾਦਾਂ, ਤੇਰੇ ਨਾਮ ਦੀਆਂ ਹੀ, ਸੀਨਾ ਰਹਿਣ ਖੰਘਾਲ ਦੀਆਂ।

ਮੇਰੀ ਹਸਤੀ ਵੀ ਇਸ ਜੱਗ 'ਤੇ, ਸਿੱਕੇ ਦੇ ਦੋ ਪਹਿਲੂ ਹਨ,
ਨਾਲੇ ਸਹਿਜ ਸਿਖਾਵਣ ਸੋਚਾਂ, ਨਾਲੇ ਰੋਹ ਉਛਾਲ ਦੀਆਂ।

ਤੇਰੇ ਜਾਣ ਦੇ ਪਿੱਛੋਂ ਇਹ ਜੋ ਆਹਾਂ, ਵਿਚ ਢਲ਼ ਗਈਆਂ ਨੇ,
ਅੱਖਾਂ ਥਾਣੀ ਰਾਤਾਂ ਲੰਘਣ, ਜੀਕਣ ਸੁਪਨੇ ਭਾਲਦੀਆਂ।

ਜਦ ਕਿਧਰੇ ਵੀ ਮੇਰਾ ਇਹ ਮਨ, ਭਰ ਕੇ ਉਛਲਣ ਲੱਗਦਾ ਹੈ,
ਸਫ਼ਿਆਂ ਉੱਤੇ ਵਾਹ ਲੈਨੀ ਆਂ, ਲੀਕਾਂ ਆਪਣੇ ਹਾਲ ਦੀਆਂ।

ਸ਼ਾਲਾ! ਤੇਰੀ ਨਗਰੀ 'ਚੋਂ, ਹੁਣ ਪੌਣ ਸੁਨਹਿਰੀ ਹੀ ਆਵੇ,
ਰੇਸ਼ਮ ਰੇਸ਼ਮ ਮਹਿਕਾਂ ਹੋਵਣ, ਫੁੱਲਾਂ ਲੱਦੀ ਡਾਲ ਦੀਆਂ।

◈◈◈

## 40.

ਮਿੱਟੀ ਦੇ ਪੁੱਤਰਾਂ ਦੇ ਹੋਠਾਂ ’ਤੇ ਗੀਤ ਮਿੱਟੀ।
ਮਿੱਟੀ ਹੈ ਰੂਪ ਸਾਡਾ, ਸਾਡੀ ਹੈ ਰੀਤ ਮਿੱਟੀ।

ਸਾਨੂੰ ਹੈ ਭੇਤ ਸਾਰਾ, ਕਰਦੈਂ ਮਕਾਰੀਆਂ ਜੋ,
ਤੈਥੋਂ ਬਿਠਾ ਨਾ ਹੋਣੀ, ਕਰਕੇ ਭੈ-ਭੀਤ ਮਿੱਟੀ।

ਕੂੜੇ ਦੇ ਵਾਂਗਰਾਂ ਹੀ, ਬਿਖਰੇ ਨੇ ਥਾਂ ਕੁ-ਥਾਂ ’ਤੇ,
ਤੇਰੇ ਵੀ ਜੁਮਲਿਆਂ ਦੀ, ਹੋਣੀ ਏ ਸੀਤ ਮਿੱਟੀ।

ਆਪਣੇ ਕਹੇ ’ਤੇ ਹੀ ਜੋ, ਪੂਰਾ ਨਾ ਉੱਤਰਦਾ ਏਂ।
ਹੋਣੀ ਏਂ ਲਾਜ਼ਮੀ ਹੀ, ਤੇਰੀ ਵੀ ਨੀਤ ਮਿੱਟੀ।

ਸੀਨੇ ’ਚ ਸੇਕ ਲੈ ਕੇ, ਕਾਨੇ ਵਫ਼ਾ ਦੇ ਉੱਠੇ,
ਤੇਰੇ ਜ਼ਬਰ ਦੀ ਕਰਨੀ, ਕਲਮਾਂ ਪਲੀਤ ਮਿੱਟੀ।

ਮਿੱਟੀ ਦੇ ਇਸ਼ਕ ਵਾਲਾ, ਚੜ੍ਹਿਆ ਹੈ ਰੰਗ ਮੈਨੂੰ,
ਮਾਰੂਥਲਾਂ ਦਾ ਰੇਤਾ, ਮੇਰੀ ਪਰੀਤ ਮਿੱਟੀ।

ਤੇਰੀ ਵਫ਼ਾ ਦਾ ਮੈਨੂੰ, ਮਿਲਿਆ ਏ ਸਾਥ ਪਿਆਰੇ,
ਗ਼ੈਰਾਂ ਦੀ ਫੇਰ ਕਿੱਦਾਂ? ਹੁੰਦੀ ਇਹ ਮੀਤ ਮਿੱਟੀ।

ਅੱਖਾਂ ਦੇ ਵਿਚ ਰੜਕੂ, ਕਈਆਂ ਦੇ ਜ਼ਿੰਦਗੀ ਭਰ,
ਉੱਡਦੀ ਹੈ ਧੂੜ ਵਾਂਗੂੰ, ਤੇਰੀ ਵੀ ‘ਜੀਤ’ ਮਿੱਟੀ।

◈◈◈

## 41.

ਇਹ ਆਪਣੀ ਚਾਲ ਚਲਦਾ ਹੈ, ਤੇ ਆਪੇ ਹੀ ਬਦਲ ਜਾਂਦੈ।
ਕਿਸੇ ਖ਼ਾਤਰ ਨਹੀਂ ਰੁਕਦਾ, ਸਮਾਂ ਯਾਦਾਂ ’ਚ ਢਲ ਜਾਂਦੈ।

ਮੇਰੇ ਗੀਤਾਂ ਦੇ ਵਿਚ ਤੈਨੂੰ, ਜੋ ਖ਼ਾਲੀ ਪਨ ਜਿਹਾ ਲੱਗੇ,
ਕਿ ਮੇਰੇ ਜ਼ਿਹਨ ਦੇ ਵਿੱਚੋਂ, ਬੜਾ ਕੁਝ ਹੀ ਨਿਕਲ ਜਾਂਦੈ।

ਕਦੇ ਤਰਲਾ, ਕਦੇ ਸ਼ਿਕਵਾ, ਜਾਂ ਵਿਥਿਆ ਰੀਝ ਦੀ ਹੁੰਦੀ,
ਸਮੇਂ ਦਾ ਦੇਖਿਆ ਸੁਣਿਆ, ਸਦਾ ਸ਼ਿਅਰਾਂ ’ਚ ਢਲ ਜਾਂਦੈ।

ਹਿਜਰ ਦੇ ਵਾਵਰੋਲੇ ਨੇ, ਬੜਾ ਮਾਯੂਸ ਕੀਤਾ ਸੀ,
ਜਦੋਂ ਗਲ਼ ਲਾ ਲਿਆ ਹਰਫ਼ਾਂ, ਨੇ ਤਾਂ ਦਿਲ ਵੀ ਸੰਭਲ ਜਾਂਦੈ।

ਜੇ ਦਿੱਤਾ ਜਨਮ ਹੈ ਉਸ ਨੇ, ਤਾਂ ਦੇਣਾ ਰਿਜ਼ਕ ਵੀ ਉਸ ਨੇ,
ਇਹ ਗ਼ਮ ਜੋ ਆਪਣਾ ਹੁੰਦੈ, ਇਹ ਆਪਣੇ ਆਪ ਪਲ ਜਾਂਦੈ।

ਨਦੀ ਦੇ ਵੇਗ ਵਾਂਗੂੰ ਜੇ, ਰਵਾਨੀ ਤੋਰ ਵਿਚ ਰੱਖੇ,
ਤਾਂ ਜੱਗ ਦੇ ਕਾਫ਼ਲੇ ਦੇ ਨਾਲ, ਫਿਰ ਕੋਈ ਵੀ ਰਲ ਜਾਂਦੈ।

ਨਜ਼ਰ ਵਿਚ ਮੈਲ ਭਰ ਕੇ ਜੋ, ਲਿਖੇ ‘ਗ਼ੈਰਤ’ ਨੂੰ ਗ਼ਜ਼ਲਾਂ ਵਿਚ,
ਉਹ ਪੱਕਾ ਭੁੱਲ ਗਿਆ ਹੋਣੈ, ਕਿ ਨਾਲ਼ੇ ਹੀ ਅਮਲ ਜਾਂਦੈ।

ਕਹਾਣੀ ਬਿਰਖ ਵੀ ਲਗਦਾ ਹੈ, ਮਾਨਵ ਜਾਤ ਦੀ ਪਾਉਂਦਾ,
ਇਹ ਛੂੰਹਦਾ ਅੰਬਰਾਂ ਨੂੰ ਵੀ, ਤੇ ਭਾਂਬੜ ਵਿਚ ਵੀ ਬਲ ਜਾਂਦੈ।

ਇਕੱਲੀ ਬੈਠ ਕੇ ਜੇ ‘ਜੀਤ’ ਢਾਰਸ ਦਿਲ ਨੂੰ ਨਾ ਦੇਵਾਂ,
ਤਾਂ ਆਪਣੀ ਦਾਸਤਾਂ ਪੜ੍ਹ ਕੇ, ਇਹ ਨੈਣਾਂ ’ਚੋਂ ਪਿਘਲ ਜਾਂਦੈ।

◈◈◈

## 42.

ਇਹ ਜੋ ਹੌਕੇ ਤੇ ਹਾਅਵਾਂ ਨੇ, ਇਹ ਜੋ ਜੀਵਨ ’ਚ ਹਾਰਾਂ ਨੇ,
ਕਿ ਤੇਰੇ ਜਾਣ ਦੇ ਮਗਰੋਂ, ਹੀ ਰੁੱਸੀਆਂ ਸਭ ਬਹਾਰਾਂ ਨੇ।

ਚਿਰੋਕੀ ਰੀਝ ਹੈ ਦਿਲ ਦੀ, ਕਦੇ ਤੂੰ ਖ਼ਾਬ ਵਿਚ ਆਵੇਂ,
ਤੇ ਰਾਤਾਂ ਜਾਗ ਕੇ ਵੀ ਮੈਂ, ਇਹੀ ਕਰੀਆਂ ਪੁਕਾਰਾਂ ਨੇ।

ਬੜਾ ਹੀ ਝੂਰਦੈ ਬਾਬਲ, ਉਹ ਬੈਠੈ ਦੌਣ ਦੇ ਉੱਪਰ,
ਕਿ ਪਹਿਲਾਂ ਵਾਂਗ ਹੁਣ ਏਥੇ, ਨਾ ਧੀ ਦੀਆਂ ਵੀ ਠਾਹਰਾਂ ਨੇ।

ਮਨਾਂ! ਪਤਝੜ ’ਚ ਵੀ ਹੁੰਦੈ, ਬੜਾ ਕੁਝ ਜ਼ਿੰਦਗੀ ਵਰਗਾ,
ਖ਼ੁਲਾਸਾ ਇਹ ਮਗਰ ਕਰਨਾ, ਸਮੇਂ ਦੇ ਸ਼ਾਹ ਸਵਾਰਾਂ ਨੇ।

ਅਸਾਡੇ ਕੁਝ ਸਵਾਲਾਂ ਦਾ, ਕਦੇ ਵੀ ਤੋੜ ਨਾ ਮਿਲਿਆ,
ਕਿ ਸ਼ੀਸ਼ੇ ਦੇ ਦਿਲਾਂ ਵਿਚ ਵੀ, ਇਹ ਪੱਥਰ ਕਿਉਂ ਦਿਵਾਰਾਂ ਨੇ?

ਜ਼ਰਾ ਸੰਭਲ ਕੇ ਚੱਲ, ਐ ਦਿਲ! ਤੂੰ ਠੋਕਰ ਖਾਣ ਤੋਂ ਪਹਿਲਾਂ,
ਨਹੀਂ ਮੰਜ਼ਿਲ ਕੋਈ ਦੇਣੀ, ਕਦੇ ਭਟਕੇ ਪਿਆਰਾਂ ਨੇ।

ਛੁਪਾ ਲੈ ਗ਼ਮ ਤੂੰ ਦਿਲ ਵਿਚ, ‘ਜੀਤ’ ਹਾਸੇ ਬੀਜ ਲੈ ਹੋਠੀਂ,
ਬਿਮਾਰਾਂ ਨੂੰ ਹੈ ਕਦ ਪੁੱਛੀ, ਕਦੇ ਹਾਲਤ ਬਿਮਾਰਾਂ ਨੇ।

◈◈◈



## 43.

ਤੇਰੀ ਖ਼ਾਤਰ ਜੱਗ ਤੋਂ, ਹੋ ਕੇ ਸ਼ੱਕੀ ਬੈਠੇ ਹਾਂ।
ਦਿਲ ਦੇ ਉੱਤੇ ਬੋਝ, ਗ਼ਮਾਂ ਦਾ ਚੱਕੀ ਬੈਠੇ ਹਾਂ।

ਮਹਿਲਾਂ ਵਰਗੇ ਘਰ ਤੋਂ ਵੀ, ਦਿਲ ਉੱਕ ਗਿਆ ਲੱਗੇ,
ਵਾਂਗ ਪਰਿੰਦੇ ਖ਼ੁਦ ਨੂੰ, ਪਿੰਜਰੇ ਡੱਕੀ ਬੈਠੇ ਹਾਂ।

ਹੱਸਦੇ ਹੋਏ ਗੀਤਾਂ ਵਿੱਚੋਂ ਵੀ, ਉੱਗ ਆਉਂਦੀ ਹੈ,
ਕੇਹੋ ਜੇਹੀ ਪੀੜ ਦੀ, ਭੁੱਕੀ ਫੱਕੀ ਬੈਠੇ ਹਾਂ?

ਨਿੱਤ ਅਵਾਰਾ ਪੌਣ ਦੇ, ਬੁੱਲੇ ਆਉਂਦੇ ਰਹਿੰਦੇ ਨੇ,
ਗੂੜ੍ਹੀ ਸਾਂਝ ਜੜ੍ਹਾਂ ਦੀ, ਪਾਸੇ ਧੱਕੀ ਬੈਠੇ ਹਾਂ।

ਸਾਡੇ ਕੋਲੋਂ ਪਾ ਨਾ ਹੋਇਆ, ਮੁੱਲ ਆਜ਼ਾਦੀ ਦਾ,
ਭੀੜ ਦਾ ਹਿੱਸਾ ਹੋ ਕੇ, ਖ਼ੁਦ ਨੂੰ ਹੱਕੀ ਬੈਠੇ ਹਾਂ।

ਹਾਲੇ ਤੀਕ ਨਾ ਮੁੜਿਆ, ਕੋਈ ਬਿਖੜੇ ਰਾਹਾਂ ਤੋਂ,
ਫਿਰ ਵੀ ਉਸ ਦੀ ਆਸ, ਲਗਾ ਕੇ ਪੱਕੀ ਬੈਠੇ ਹਾਂ।

ਇਹ ਜੋ ਚਾਰ-ਚੁਫ਼ੇਰਾ, ਹਰਿਆ ਭਰਿਆ ਲੱਗਦਾ ਏ,
ਤੇਰੇ ਨੈਣਾਂ ਵਿੱਚ, ਨਜ਼ਾਰੇ ਤੱਕੀ ਬੈਠੇ ਹਾਂ।

‘ਜੀਤ’ ਅਮਨ ਦੇ ਹੱਕ ’ਚ, ਨਿਠ ਕੇ ਆਣ ਖਲੋਵਾਂਗੇ,
ਬੇਸ਼ੱਕ ਸੀਨੇ ਸੋਚ, ਬਰੂਦੀ ਢੱਕੀ ਬੈਠੇ ਹਾਂ।

◈◈◈

## 44.

ਸ਼ਬਦਾਂ ਨੂੰ ਪਰਨਾਏ ਲੋਕ, ਤਾਂ ਸ਼ਾਇਰ ਸਦਵਾਏ ਲੋਕ।
ਕੁਝ ਯਾਦਾਂ ਕੁਝ ਅਕਲਾਂ ਦੇਣ, ਜੀਵਨ ਵਿਚ ਸੀ ਆਏ ਲੋਕ।

ਪਾਣੀ ਨਾਲ ਪਿਆਸ ਨਾ ਬੁਝਦੀ, ਲਹੂਆਂ ਦੇ ਤਿਰਹਾਏ ਲੋਕ।
ਰਹਿਬਰ ਨੂੰ ਬੇਤਾਲਾ ਕਹਿ ਕੇ, ਕਰਦੇ ਹਾਏ ਹਾਏ ਲੋਕ।

ਸਾਰੀ ਉਮਰੇ ਕਾਲਖ ’ਚੋਂ ਹੀ, ਲੱਭਣ ਆਪਣੇ ਸਾਏ ਲੋਕ।
ਉਸ ਮਿੱਟੀ ਦੀ ਮਿੱਟੀ ਪੁੱਟਣ, ਜਿਸ ਮਿੱਟੀ ਦੇ ਜਾਏ ਲੋਕ।

ਜੀਵਨ ਕਿੱਦਾਂ ਬਦਲੇ, ਦੱਸ ਖਾਂ? ਜਪਦੇ ਜਾਪ ਰਟਾਏ ਲੋਕ।
ਧਰਮ ਦੇ ਉੱਪਰ ਭੀੜ ਬਣੀ ਹੈ, ਕਹਿ ਕੇ ਜਾਣ ਲੜਾਏ ਲੋਕ।

ਹੁਣ ਫੁੱਲਾਂ ਦੇ ਬਾਗ਼ਾਂ ਵਿਚ ਵੀ, ਫਿਰਦੇ ਨੇ ਕੁਮਲਾਏ ਲੋਕ।
ਸ਼ਾਂਤੀ ਦੂਤ ਜੋ ਆਇਆ ਬਣ ਕੇ, ਉਸ ਨੇ ਮਾਰ ਮੁਕਾਏ ਲੋਕ।

ਰੌਣਕ ਨਾਲ ਹੀ ਲੈ ਕੇ ਤੁਰ ਗਏ, ਕੁਝ ਮਹਿਮਾਨ ਸੀ ਆਏ ਲੋਕ।
ਗ਼ਜ਼ਲਾਂ ਦੇ ਹੀ ਹੋ ਜਾਂਦੇ ਨੇ, ਗ਼ਜ਼ਲਾਂ ਦੇ ਹੀ ਜਾਏ ਲੋਕ।

ਆਪਣੇ ਹੱਕਾਂ ਤੋਂ ਮੂੰਹ ਵੱਟ ਕੇ, ਫਿਰਦੇ ਨੇ ਸੁਸਤਾਏ ਲੋਕ।
ਇਹ ਬਹਿਰਾਂ ਵਿਚ ਬੱਝੀ ਕਿੱਦਾਂ? ‘ਜੀਤ’ ਨੇ ਸੋਚੀਂ ਪਾਏ ਲੋਕ।

◈◈◈

## 45.

ਤਖ਼ਤਾਂ ਤੇ ਬੈਠ ਜਾਂਦੇ, ਜਿਹੜੇ ਮਹਾਨ ਬਣ ਕੇ।
ਹਾੜ੍ਹਾ ਕਦੇ ਤਾਂ ਸੋਚਣ, ਉਹ ਵੀ ਕਿਸਾਨ ਬਣ ਕੇ।

ਹੁਣ ਨਾ ਯਕੀਨ ਬਾਕੀ, ਸੱਤਾ ਦੇ ਮਾਲਕਾਂ ਦਾ,
ਆਉਂਦੇ ਨੇ ਤੀਰ ਛੱਡਣ, ਆਗੂ ਕਮਾਨ ਬਣ ਕੇ।

ਮਾਸਕ ਮੂੰਹਾਂ ਦੇ ਉੱਤੇ, ਸੋਚੀਂ ਬਜ਼ਾਰ ਭਰਿਆ,
ਦੁਨੀਆਂ ਵੀ ਰਹਿ ਗੀ ਲੱਗੇ, ਸਾਜ਼ੋ ਸਮਾਨ ਬਣ ਕੇ।

ਮਾਹੀ ਨੇ ਆ ਕੇ ਏਥੇ, ਜਦ ਤੋਂ ਵਪਾਰ ਕੀਤਾ,
ਘਰ ਰਹਿ ਗਿਆ ਹੈ ਮੇਰਾ, ਤਦ ਤੋਂ ਦੁਕਾਨ ਬਣ ਕੇ।

ਮੇਰੀ ਗ਼ਜ਼ਲ ਦੇ ਮੂੰਹ ’ਤੇ, ਤਦ ਤੋਂ ਆ ਗਈ ਹੈ ਲਾਲੀ,
ਮਿਲਿਆ ਹੈ ਜਦ ਤੋਂ ਉਸ ਨੂੰ, ਮਿਸਰਾ ਇਮਾਨ ਬਣ ਕੇ।

ਕੰਨਾਂ ਦੇ ਵਿਚ ਅੱਜਕੱਲ੍ਹ, ਗੂੰਜੇ ਜੋ ਗੀਤ ਵਾਂਗਰ,
ਕਿਧਰੇ ਤੂੰ ਰਹਿ ਨਾ ਜਾਵੀਂ, ਓਸੇ ਦੀ ਤਾਨ ਬਣ ਕੇ।

◈◈◈

## 46.

ਮਨ ਦੇ ਅੰਦਰ ਸ਼ੋਰ ਬੜਾ ਹੈ, ਬਾਹਰ ਤਲਖ਼ ਹਵਾਵਾਂ।
ਮਾਰੂਥਲ 'ਚੋਂ ਭਾਲ਼ੇ ਬੱਦਲੀ, ਸਾਗਰ ਦਾ ਸਿਰਨਾਵਾਂ।

ਮੇਰੀ ਸੋਚ ਦੇ ਵਿੱਚੋਂ ਐਸਾ, ਕੀ ਹੋਇਆ ਏ ਮਨਫ਼ੀ?
ਹਿੱਸੇ ਦੇ ਵਿਚ ਸਿਫ਼ਰਾਂ ਆਵਣ, ਜਦ ਵੀ ਜ਼ਰਬਾਂ ਲਾਵਾਂ।

ਜਿਸ ਦੇ ਨਾਮ ਦੇ ਗੀਤ ਸਜੇ ਨੇ, ਇਹਨਾਂ ਹੋਠਾਂ ਉੱਤੇ,
ਉਹ ਬੇਖ਼ਬਰਾ ਆ ਕੇ ਪੁੱਛੇ, ਕਿਸ ਦੇ ਗੀਤ ਮੈਂ ਗਾਵਾਂ।

ਹਾਲੇ ਤੀਕ ਵੀ ਰਾਸ ਨਾ ਆਇਆ, ਤੇਰੇ ਸ਼ਹਿਰ ਦਾ ਫੇਰਾ,
ਪੈਰ ਜਦੋਂ ਵੀ ਧਰਿਆ ਓਥੇ, ਬਣੀਆਂ ਦੰਦ ਕਥਾਵਾਂ।

ਨਾ ਮੁੱਕਾ ਨਾ ਮੁੱਕੇਗਾ ਇਹ, ਇਸ਼ਕ ਹੁਸਨ ਦਾ ਝਗੜਾ,
ਨਾਲੇ ਜਿੰਦ ਨੂੰ ਭਟਕਣ ਮਿਲਦੀ, ਨਾਲੇ ਹੌਕੇ ਹਾਅਵਾਂ।

ਮੈਂ ਚਾਨਣ ਦੀ ਕੁੱਲ ਦੇ ਵਿੱਚੋਂ, ਮੈਂ ਜੁਗਨੂੰ ਦੀ ਜਾਈ,
ਅੰਬਰ ਦੀ ਹਿੱਕ ਚੁੰਮਣ ਦੇ ਲਈ, ਚੀਰ ਹਨ੍ਹੇਰੇ ਜਾਵਾਂ।

ਧੀ ਦੀ ਰੀਝ ਨਾ ਕੋਈ ਰਹਿਜੇ, ਬਾਬਲ ਮੁੜ ਮੁੜ ਪੁੱਛੇ,
ਬੇਸ਼ੱਕ ਦੇਸ਼ ਬਿਗਾਨੇ ਤੋਰੀ, ਘੱਲੇ ਰੋਜ਼ ਦੁਆਵਾਂ।

ਮੇਰੇ ਘਰ ਦੀ ਰੌਣਕ ਨੇ ਵੀ, ਇਕ ਦਿਨ ਖਿੰਡ ਹੀ ਜਾਣੈ,
ਜਿਉਂ ਇਕ ਡਾਲ ਤੋਂ ਉੱਡ ਕੇ ਪੰਛੀ, ਮੱਲਣ ਹੋਰ ਦਿਸ਼ਾਵਾਂ।

ਤੇਰੇ ਹਿਜਰ ਦੀ ਪੀੜਾ ਉੱਤੇ, ਬਾਪੂ ਮਰਹਮ ਲਾਵੇ,
ਤੇਰੇ ਬਾਝੋਂ ਕੌਣ ਭਰੇ ਮਾਂ? ਉਹਦੀਆਂ ਖ਼ਾਲੀ ਥਾਵਾਂ।

◈◈◈

## 47.

ਹਿਜਰ ਦੀ ਪੀੜ ਨੂੰ ਸੀ ਮੈਂ, ਸਿਰ੍ਹਾਣੇ ਰੋੜ੍ਹਿਆ ਰਾਤੀਂ।
ਸੁਬ੍ਹਾ ਦੀ ਤਾਜ਼ਗੀ ਨੂੰ ਫਿਰ, ਖ਼ਿਆਲੀਂ ਓੜ੍ਹਿਆ ਰਾਤੀਂ।

ਤੁਸਾਂ ਨੇ ਤੋੜਿਆ ਮੈਨੂੰ, ਸੀ ਵਾਅਦੇ ਵਾਂਗਰਾਂ ਪਹਿਲਾਂ,
ਤੇ ਫਿਰ ਤੋਂ ਯਾਦ ਬਣ ਕੇ ਵੀ, ਹੈ ਮੈਨੂੰ ਤੋੜਿਆ ਰਾਤੀਂ।

ਜਦੋਂ ਤੋਂ ਸਮਝ ਆਈ ਹੈ, ਹਕੀਕਤ ਸੁਪਨਿਆਂ ਵਾਲੀ,
ਤਾਂ ਖ਼ਾਬਾਂ ਤੇਰਿਆਂ ਨੂੰ ਵੀ, ਮੈਂ ਪਲਕੋਂ ਮੋੜਿਆ ਰਾਤੀਂ।

ਤੁਫ਼ਾਨਾਂ ਵਿੱਚ ਵੀ ਅਕਸਰ, ਜੋ ਬੇੜੀ ਠੇਲ੍ਹ ਦਿੰਦਾ ਸੀ,
ਕਿਨਾਰਾ ਓਸ ਮਾਂਝੀ ਨੇ, ਵੀ ਫਿਰ ਤੋਂ ਲੋੜਿਆ ਰਾਤੀਂ।

ਰਹੇ ਹੁਣ ਤੀਕ ਵੀ ਖੱਜਲ, ਸਦਾ ਪਰਛਾਂਵਿਆਂ ਪਿੱਛੇ,
ਤੇ ਹਰਫ਼ਾਂ ਮੇਰਿਆਂ ਮੈਨੂੰ, ਹੀ ਆ ਝੰਜੋੜਿਆ ਰਾਤੀਂ।

ਇਹ ਪੱਛਮੀ ਪੌਣ ਦੀ ਤਾਸੀਰ, ਤਾਂ ਰਿਸ਼ਤੇ ਵੀ ਖਾ ਜਾਵੇ,
ਹਵਾ ਪੰਜਾਬ ਦੀ ਦੇ ਨਾਲ, ਰਿਸ਼ਤਾ ਜੋੜਿਆ ਰਾਤੀਂ।

ਉਦੋਂ ਦਾ ਹੋਂਦ ਮੇਰੀ ਤੋਂ, ਹੀ ਮੁਨਕਰ ਹੋ ਗਿਆ ਸ਼ੀਸ਼ਾ,
ਮੈਂ ਪੱਥਰ ਆਪਣੇ ਹੀ ਨਾਂ, ਦਾ ਸਾਹਵੇਂ ਤੋੜਿਆ ਰਾਤੀਂ।

ਮੇਰੀ ਮੌਜੂਦਗੀ ਮੈਨੂੰ, ਬੜੀ ਵਹਿਸ਼ਤ ਜਿਹੀ ਦੇਵੇ,
ਢਲ਼ੀ ਬਹਿਰਾਂ 'ਚ ਫਿਰ ਮੈਂ 'ਜੀਤ', ਜੀਣਾ ਛੋੜਿਆ ਰਾਤੀਂ।

◈◈◈

## 48.

ਜੀਵਨ ਦੇ ਸਭ ਰੰਗਾਂ ਨੂੰ, ਇਸਦੇ ਮਨ ਵਿਚ ਭਰ ਦੇਵਾਂ।
ਮੈਂ ਲਾਡੋ ਦੇ ਨੈਣਾਂ ਵਿਚ, ਖ਼ਾਬ ਸੁਨਹਿਰੀ ਧਰ ਦੇਵਾਂ।

ਅੱਜ ਦਾ ਦਿਨ ਤਾਂ ਖ਼ਾਸ ਬੜਾ, ਹੈ ਮੇਰੀ ਰਾਜਕੁਮਾਰੀ ਦਾ,
ਮਹਿਲ-ਮੁਨਾਰੇ ਇਹ ਨਾ ਮੰਗੇ, ਮੈਂ ਇਹਨੂੰ ਕੀ ਪਰ ਦੇਵਾਂ?

ਮੈਂ ਨਾ ਸਮਝਾਂ ਧੰਨ ਬਿਗਾਨਾ, ਇਸ ਵਿਹੜੇ ਦੀ ਰੌਣਕ ਨੂੰ,
ਧੀ ਬੇਗਾਨੀ ਸਮਝਣ ਵਾਲਾ, ਵੀ ਨਾ ਕੋਈ ਘਰ ਦੇਵਾਂ।

ਕੁੜੀਆਂ ਤਾਂ ਬਸ ਚਿੜੀਆਂ ਹੀ ਨੇ, ਅਕਸਰ ਲੋਕੀਂ ਕਹਿ ਦੇਂਦੇ,
ਏਸ ਚਿੜੀ ਨੂੰ ਉੱਡਣ ਖ਼ਾਤਰ, ਸਾਰਾ ਹੀ ਅੰਬਰ ਦੇਵਾਂ।

ਮੈਨੂੰ ਆਸ ਭਰੋਸਾ ਇਸ 'ਤੇ, ਇਹ ਹੱਦਾਂ ਪਹਿਚਾਣ ਲਊ,
ਮੈਂ ਇਹਦੇ ਲਈ ਹੱਦਾਂ ਮਿੱਥ ਕੇ, ਐਵੇਂ ਹੀ ਕਿਉਂ ਡਰ ਦੇਵਾਂ।

ਜੀਵਨ ਆਪ ਸਿਖਾ ਦੇਂਦਾ ਏ, ਰਾਵਣ ਨੂੰ ਸਰ ਕਰਨਾ ਵੀ,
ਮੈਂ ਬਸ ਏਨਾ ਚਾਹਾਂ ਇਸ ਨੂੰ, ਰਾਮ ਜਿਹਾ ਨਾ ਵਰ ਦੇਵਾਂ।

ਇਸ ਦੀ ਖ਼ਾਤਰ ਖ਼ੁਸ਼ੀਆਂ ਦੇ, ਸਭ ਦਰਵਾਜ਼ੇ ਖੋਹਲ ਦਵੇ,
ਧੀ ਰਾਣੀ ਨੂੰ 'ਜੀਤ' ਕੋਈ, ਐਸਾ ਲੱਭ ਕੇ ਦਰ ਦੇਵਾਂ।

◈◈◈



## 49.

ਨਿੰਮ ਨੂੰ ਸਵਾਲ ਕਰਦੇ, ਲੋਕੀ ਮਿਠਾਸ ਬਾਰੇ।
ਤਪਦੇ ਥਲਾਂ ਨੂੰ ਪੁੱਛਣ, ਜੀਕਣ ਪਿਆਸ ਬਾਰੇ।

ਨਿਭਦਾ ਨਾ ਤੋੜ ਤੀਕਰ, ਅੱਧਾ ਹੀ ਸਾਥ ਮਿਲਦਾ,
ਸਭ ਦੀ ਹੀ ਸੋਚ ਵੱਖਰੀ, ਅੱਧੇ ਗਲਾਸ ਬਾਰੇ।

ਕੱਚੀ ਉਮਰ ਦਾ ਅਕਸਰ, ਹੁੰਦਾ ਹੈ ਰੰਗ ਕੱਚਾ,
ਕੱਚੇ ਦਾ ਕੀ ਭਰੋਸਾ, ਕੀਤੇ ਕਿਆਸ ਬਾਰੇ।

ਜੀ ਆਖ ਕੇ ਬੁਲਾਵੇ, ਮਿਠਬੋਲੜਾ ਜਿਹਾ ਜਦ,
ਦਿਲ ਨਾ ਕਰੇ ਕਿ ਆਖਾਂ, ਕੁਝ ਵੀ ਖਟਾਸ ਬਾਰੇ।

ਬਿਰਖਾਂ ਦੇ ਵਾਂਗ ਜੀਣੀ, ਆਵੇ ਜੇ ਜ਼ਿੰਦਗੀ ਤਾਂ,
ਕਰੀਏ ਨਾ ਫੇਰ ਸ਼ਿਕਵੇ, ਮਨ ਦੇ ਹੁਲਾਸ ਬਾਰੇ।

ਧਿਜਿਆ ਨਾ 'ਜੀਤ' ਕਰ ਤੂੰ, ਏਨਾ ਵੀ ਜੱਗ ਉੱਪਰ,
ਤੈਨੂੰ ਪਤਾ ਨਾ ਇਸ ਦੇ, ਹੋਸ਼ੋ-ਹਵਾਸ ਬਾਰੇ।

◈◈◈

## 50.

ਸਾਡੇ ਹਿੱਸੇ ਕੌੜ ਕੁੜੱਤਣ, ਪਰਖਾਂ, ਪੰਧ ਲਮੇਰੇ।
ਐਪਰ ਸਾਡੇ ਸੂਰਮਿਆਂ ਦੇ ਪਰਬਤ ਵਰਗੇ ਜੇਰੇ।

ਇੱਕ ਵਿਦੇਸ਼ੀ ਤਾਕਤ ਨੇ ਵੀ ਸਾਡੇ ਪਰ ਸੀ ਨੋਚੇ,
ਹੁਣ ਦੇਸੀ ਵੀ ਨਿਗਲਣ ਆਈ, ਸਾਡੇ ਸੁਰਖ ਸਵੇਰੇ।

ਸ਼ਾਂਤ ਸੁਨੇਹੇ ਨਾਲ ਅਸੀਂ ਕੀ ਸੁਲਝਾਈਏ ਮਸਲਾ?
ਉਹਨਾਂ ਸਾਡੇ ਸਿਰ ’ਤੇ ਹੀ, ਮੜ੍ਹ ਦਿੱਤੇ ਦੋਸ਼ ਘਨੇਰੇ।

ਮਿਲਣ ਅਸੀਸਾਂ ਸਾਨੂੰ ਵੀ, ਹੁਣ ਤਕ ਸੁੱਚੇ ਵਣਜ ਦੀਆਂ,
ਇਹ ਜਾਣੋ ਜੱਗ ਸਾਰਾ ਹੀ, ਝੂਠੇ ਇਲਜ਼ਾਮ ਨੇ ਤੇਰੇ।

ਤੇਰੀ ਹਰ ਇਕ ਚਾਲ ਤੋਂ ਜਾਣੂੰ, ਰਿਜ਼ਕਾਂ ਦੇ ਰਖਵਾਲੇ,
ਨੈਤਿਕਤਾ ਦੇ ਨਾਂ ਉੱਪਰ, ਤੂੰ ਕਰ ਲਏ ਢੌਂਗ ਬਥੇਰੇ।

ਤੇਰੀ ਕਾਲ਼ੀ ਸੱਤਾ ਨੂੰ ਹੁਣ, ਰੌਸ਼ਨ ਕਰਨ ਹੈ ਆਇਆ,
ਚਾਨਣ ਉੱਤੇ ਕਦ ਤਕ, ਕਾਬੂ ਪਾ ਸਕਦੇ ਨੇ ਨੇਰ੍ਹੇ।

ਕਣਕਾਂ, ਕਿੰਨੂਆਂ ਅਤੇ ਕਪਾਹਾਂ, ਨਾਲ ਰਲ਼ੀ ਹੈ ਮੱਕੀ,
ਗੰਨੇ ਦੀ ਬੁੱਕਲ ਵਿਚ ਆ ਕੇ, ਬੈਠੇ ਧਾਨ ਦੇ ਡੇਰੇ।

ਸਾਡੇ ਨਾਲ ਵਧੀਕੀ ਕੀਤੀ, ਇਹ ਤਾਂ ਤੁਸੀਂ ਵੀ ਜਾਣੋਂ,
‘ਜੀਤ’ ਅਸਾਡੇ ਸ਼ਬਰਾਂ ਦੇ, ਹਰਗਿਜ਼ ਨਾ ਢਹਿਣ ਬਨੇਰੇ।

◈◈◈

## 51.

ਤਿੜਕ ਗਏ ਤਾਂ ਕੀ ਹੋਇਆ, ਅਹਿਸਾਸ ਅਜੇ ਵੀ ਬਾਕੀ ਹੈ।
ਜੀਵਨ ਚਾਰ ਦਿਹਾੜੇ ਭਾਵੇਂ, ਆਸ ਅਜੇ ਵੀ ਬਾਕੀ ਹੈ।

ਉਹ ਮੰਜ਼ਿਲ ਤੋਂ ਦੂਰ ਬੜਾ ਏ, ਉੱਘੜ-ਦੁੱਘੜ ਰਾਹਾਂ ਨੇ,
ਪਰ ਨਹੁੰਆਂ ਤੋਂ ਵੱਖ ਨਾ ਹੋਇਆ, ਮਾਸ ਅਜੇ ਵੀ ਬਾਕੀ ਹੈ।

ਮੇਰੇ ਹਿੱਸੇ ਦੇ ਅੰਬਰ ’ਤੇ, ਬੱਦਲ ਛਾਏ ਗ਼ਰਜ਼ਾਂ ਦੇ,
ਪਰ ਫ਼ਰਜ਼ਾਂ ਦੇ ਹਿੱਸੇ ਦੀ, ਧਰਵਾਸ ਅਜੇ ਵੀ ਬਾਕੀ ਹੈ।

ਹੌਲ਼ੀ ਹੌਲ਼ੀ ਪਿੰਡੇ ਉੱਤੋਂ, ਸੱਭੇ ਛਾਪਾਂ ਖੁਰ ਗਈਆਂ,
ਕੁਝ ਰੂਹ ’ਤੇ ਲੱਗੇ ਫੱਟਾਂ ਦੀ, ਲਾਸ ਅਜੇ ਵੀ ਬਾਕੀ ਹੈ।

ਕਿੰਞ ਵਿਦਾਈ ਦੇ ਦਊ ਕੋਈ, ਯਾਦਾਂ ਦੀ ਇਸ ਅਰਥੀ ਨੂੰ,
ਇਹਨਾਂ ਦੇ ਵਿਚ ਜ਼ਿੰਦਾ ਹਰ ਪਲ, ਖ਼ਾਸ ਅਜੇ ਵੀ ਬਾਕੀ ਹੈ।

ਤੈਨੂੰ ਭੁੱਲਣ ਖ਼ਾਤਰ ਮੈਂ, ਹਰ ਥਾਂ ਉੱਤੇ ਭਟਕ ਲਿਆ, ਪਰ
ਮੇਰੇ ਪੈਰਾਂ ਨੂੰ ਮਿਲਣਾ, ਬਣਵਾਸ ਅਜੇ ਵੀ ਬਾਕੀ ਹੈ।

ਪੁੱਤਰ ਖਾ ਲਏ ਨਸ਼ਿਆਂ ਨੇ, ਤੇ ਕਿਰਤੀ ਖਾ ਲਏ ਕਰਜ਼ੇ ਨੇ,
ਐਪਰ ਖੇਤਾਂ ਦੇ ਹਿੱਸੇ ਦੀ, ਸਲਫ਼ਾਸ ਅਜੇ ਵੀ ਬਾਕੀ ਹੈ।

◈◈◈

52.

ਤੇਰੀ ਯਾਦ ਦਾ ਭਾਂਬੜ ਮੇਰੇ ਅੰਦਰ ਬਲ਼ਦਾ ਹੈ।
ਤੇਰੀ ਛੋਹ ਦੀ ਖ਼ਾਤਰ ਹੀ, ਮਨ ਰੋਜ਼ ਮਚਲਦਾ ਹੈ।

ਉਹ, ਇੱਕ ਹੁਲਾਰਾ ਦੇ ਕੇ, ਅੰਬਰ ਖੋਹ ਲੈਂਦਾ ਏ,
ਮੈਨੂੰ ਆ ਕੇ ਏਦਾਂ ਕਾਹਤੋਂ ਛਲੀਆ ਛਲਦਾ ਹੈ?

ਇਸ ਇਸ਼ਕ ਦੀ ਪੌੜੀ ਦੇ, ਪੌਡੇ ਬੇਤਰਤੀਬੇ ਨੇ,
ਜੋ ਵੀ ਚੜ੍ਹਨਾ ਚਾਹਵੇ, ਉਹਦਾ ਪੈਰ ਫਿਸਲਦਾ ਹੈ।

ਮੇਰੇ ਮਨ ਦਾ ਬੱਚਾ ਵੀ ਫਿਰ ਆਹਾਂ ਭਰਦਾ ਏ,
ਚੇਤੇ ਨਾਲ ਜਦੋਂ ਇਕ ਚੇਤਾ, ਆ ਕੇ ਰਲ਼ਦਾ ਹੈ।

ਹਿਜਰ ਦੇ ਸਾਗਰ ਵਿਚ ਜਦ ਡੁੱਬੇ ਜਿੰਦ ਨਿਆਣੀ ਤਾਂ
ਤੇਰੀ ਯਾਦ ਸਹਾਰੇ ਹੀ, ਇਹ ਦਿਲ ਸੰਭਲਦਾ ਹੈ।

ਮੈਂ ਸੁਣਿਆ, ਇੱਕ ਜਗ੍ਹਾ 'ਤੇ ਭਟਕਣ ਮੁੱਕ ਜਾਂਦੀ ਏ,
ਓਸ ਜਗ੍ਹਾ ਦਾ ਸੁਪਨਾ, ਮੇਰੇ ਅੰਦਰ ਪਲਦਾ ਹੈ।

◈◈◈



53.

ਬੇਫ਼ਿਕਰਾ, ਬੇਬਾਕ ਤੇ ਥੋੜ੍ਹਾ ਨਿੱਡਰ ਲੱਗਦੈ।
ਉਹ ਸ਼ਾਇਰ ਨਹੀਂ, ਮੈਨੂੰ ਤਾਂ ਜਾਦੂਗਰ ਲੱਗਦੈ।

ਮੁੜ ਆਵਣ ਦਾ ਕਹਿਕੇ, ਬਾਜ਼ੀ ਖੇਡ ਗਿਆ ਸੀ,
ਹਾਲੇ ਤੱਕ ਨਾ ਮੁੜਿਆ, ਬਾਹਲ਼ਾ ਸ਼ਾਤਿਰ ਲੱਗਦੈ।

ਬੱਦਲੀ ਓਹਲੇ ਹੋ ਕੇ, ਜੋ ਖੇਡਾਂ ਖੇਡ ਰਿਹਾ ਏ,
ਚੰਨ ਵੀ ਓੜ ਕੇ ਬੈਠਾ, ਇਸ਼ਕ ਦੀ ਚਾਦਰ ਲੱਗਦੈ।

ਉਸ ਪਾਸੋ ਜੋ ਸੁਣਿਆ, ਕਿ ਸਾਗਰ ਹੜ੍ਹਿਆ ਏ,
ਧਰਤੀ ਦੇ ਗਲ਼ ਲੱਗ ਕੇ, ਰੋਇਆ ਅੰਬਰ ਲੱਗਦੈ।

ਹਾਸੇ ਦੇ ਵਿਚ ਹੀ, ਅੱਖ ਦੇ ਉਹਦੀ ਚੋਅ ਪਈ ਏ,
ਸ਼ੀਸ਼ੇ ਸਾਹਵੇਂ ਆਇਆ ਵੀ, ਕੋਈ ਪੱਥਰ ਲੱਗਦੈ।

ਲੋਕੀਂ ਆਖਣ, ਸ਼ਾਇਰ ਤਾਂ ਮਕਬੂਲ ਬੜਾ ਏ,
ਮੇਰੇ ਬੋਲਾਂ 'ਚੋਂ ਫੜਦਾ, ਹਰ ਸ਼ੇਅਰ ਲੱਗਦੈ।

'ਜੀਤ' ਨਦੀ ਹੁਣ ਤੀਕਰ, ਬੇਮਕਸਦ ਵਹਿੰਦੀ ਸੀ,
ਉਸਦੇ ਕਦਮਾਂ ਨੂੰ ਵੀ, ਲੱਭੀ ਠਾਹਰ, ਲੱਗਦੈ।

◈◈◈

## 54.

ਇਕ ਬਿਰਖ ਦੀ ਚੋਟੀ ਨੂੰ ਹੈ ਚੁੰਮ ਕੇ ਆਈ।
ਏਦਾਂ ਤਿਤਲੀ ਨੇ ਵੀ ਮਨ ਦੀ ਰੀਝ ਪੁਗਾਈ।

ਮੈਂ ਦਿਲ ਦੇ ਅਹਿਸਾਸਾਂ ਨੂੰ ਕੀ ਨਾਮ ਦਿਆਂ?
ਸਾਗਰ ਨਾਲੋਂ ਵੱਧ ਕੇ ਹੈ ਦਿਲ ਦੀ ਗਹਿਰਾਈ।

ਇਹ ਜੋ ਆ ਕੇ ਸਾਨੂੰ ਗੀਤ ਸੁਣਾਉਂਦੀ ਹੈ,
ਕੋਇਲ, ਕਿਹੜੇ ਝਰਨਿਓਂ ਪਾਣੀ ਪੀ ਕੇ ਆਈ?

ਜਿਸ ਪਾਸੇ ਮੈਂ ਫੁੱਲ ਕਪਾਹ ਦੇ ਖਿੜਦੇ ਵੇਖੇ,
ਉਸ ਪਾਸੇ ਦੀ ਪੌਣ ਵੀ ਫਿਰਦੀ ਸੀ ਨਸ਼ਿਆਈ।

ਮੇਰੇ ਖ਼ਾਬਾਂ ਵਿਚ ਧਰਤੀ ਦਾ ਇਕ ਟੁਕੜਾ ਹੈ,
ਉਸ ਦੇ ਕਦਮੀਂ ਬਹਿਣਾ, ਮੈਂ ਵੀ ਆਸ ਲਗਾਈ।

ਜੇਕਰ ਇਸ਼ਕ ਦੀ ਮਿੱਠਤ ਅੰਦਰ ਘੁਲ ਜਾਵੇ,
ਤਾਂ ਕੰਨਾਂ ਵਿਚ ਵੀ ਗੂੰਜੇਗੀ ਸ਼ਹਿਨਾਈ।

ਅਕਸਰ ਸ਼ੀਸ਼ੇ ਸਾਹਵੇਂ ਖੜ੍ਹ ਕੇ 'ਜੀਤ' ਨੂੰ ਲੱਭਾਂ,
ਪਰ, ਸ਼ੀਸ਼ੇ ਨੇ ਸੂਰਤ ਤੇਰੀ ਹੀ ਦਿਖਲਾਈ।

◈◈◈

## 55.

ਬੜਾ ਕੁਝ ਸਹਿ ਲਿਆ ਜਿੰਦੇ, ਬੜਾ ਸਹਿਣਾ ਅਜੇ ਬਾਕੀ।
ਇਨ੍ਹਾਂ ਨਮਦਾਰ ਅੱਖਾਂ ਦਾ, ਵੀ ਹੈ ਵਹਿਣਾ ਅਜੇ ਬਾਕੀ।

ਮੈਂ ਦੀਵਾ ਇਹ ਜੋ ਹਰਫ਼ਾਂ ਦਾ, ਬੜੀ ਮੁਸ਼ਕਲ ਜਗਾਇਆ ਹੈ,
ਇਹਦਾ ਡੂੰਘੇ ਹਨੇਰੇ ਨਾਲ, ਵੀ ਖਹਿਣਾ ਅਜੇ ਬਾਕੀ।

ਮੇਰੀ ਨੀਂਦਰ ਦੇ ਵਿਚ ਆ ਕੇ, ਗੁਲਾਬੀ ਖ਼ਾਬ ਜੋ ਬੁਣਦੈ,
ਹੈ ਮਹਿਰਮ ਦੀ ਵੀ ਰੂਹ ਤੀਕਰ, ਮੇਰਾ ਲਹਿਣਾ ਅਜੇ ਬਾਕੀ।

ਕਿ ਸ਼ਾਇਰ ਨੇ ਸਦਾ ਹੀ ਰਾਖ, ਅਰਮਾਨਾਂ ਦੀ ਢੋਈ ਹੈ,
ਉਦ੍ਹਾ ਜੀਣਾ, ਜਾਂ ਰਾਹ ਸਿਵਿਆਂ, ਦੇ ਹੈ ਪੈਣਾ ਅਜੇ ਬਾਕੀ।

ਮੈਂ ਜਿਹੜੀ ਮਹਿਕ ਵਿਰਸੇ ਦੀ, ਖ਼ਿਆਲਾਂ ਵਿਚ ਸਾਂਭੀ ਹੈ,
ਹਕੀਕਤ ਵਿਚ ਮੇਰਾ ਵੀ, ਉਵੇਂ ਰਹਿਣਾ ਅਜੇ ਬਾਕੀ।

ਮੈਂ ਇਕ ਕਿਰਸਾਨ ਦੀ ਬੇਟੀ, ਮੇਰੀ ਮਿੱਟੀ ਦੀ ਸੀਰਤ ਹੈ,
ਤੁਹਾਡਾ ਏਸ ਮਿੱਟੀ ਨੂੰ, ਸੋਨਾ ਕਹਿਣਾ ਅਜੇ ਬਾਕੀ।

ਜ਼ਿਹਨ ਵਿਚ ਫ਼ਿਕਰ ਤਾਂ ਸਾਰੀ ਹੀ ਦੁਨੀਆ ਦਾ ਮੈਂ ਰੱਖਦੀ ਹਾਂ,
ਤੇ ਮੇਰਾ ਮੇਰਿਆਂ ਦੇ ਨਾਲ਼, ਰਲ਼ ਬਹਿਣਾ ਅਜੇ ਬਾਕੀ।

◈◈◈

## 56.

ਮਾਲੀ ਤੋਂ ਹੀ ਖ਼ਤਰੇ ਹੋਏ, ਬਾਗ਼ਾਂ ਅੰਦਰ।
ਕਲੀਆਂ ਦੇ ਮਨ ਉੱਖੜੇ ਹੋਏ, ਬਾਗ਼ਾਂ ਅੰਦਰ।

ਪੌਣ ਤਿਜ਼ਾਬੀ ਨੇ ਲੂਹ ਦਿੱਤਾ ਘਾਹ ਸਾਰਾ,
ਥਾਂ-ਥਾਂ ਉੱਤੇ ਭੱਖੜੇ ਹੋਏ, ਬਾਗ਼ਾਂ ਅੰਦਰ।

ਰੱਤ ਨਿਚੋੜਨ ਹੱਸ-ਹੱਸ ਕੇ ਜੋ ਚਿੜੀਆਂ ਦੀ,
ਪੱਥਰ ਦਿਲ ਨੇ ਸ਼ਿਕਰੇ ਹੋਏ, ਬਾਗ਼ਾਂ ਅੰਦਰ।

ਉਸ ਤਿਤਲੀ ਦੇ ਰੰਗਾਂ ਦੀ ਕੀ ਮਹਿਮਾ ਹੋਣੀ?
‘ਪਰ’ ਹੀ ਜਿਸ ਦੇ ਕਤਰੇ ਹੋਏ, ਬਾਗ਼ਾਂ ਅੰਦਰ।

ਫੁੱਲ ਚਮੇਲੀ ਦੇ ਸਭ ਦਾ ਮਨ ਮੋਹ ਲੈਂਦੇ ਸੀ,
ਉਹ ਵੀ ਅੱਜਕੱਲ੍ਹ ਕਚਰੇ ਹੋਏ, ਬਾਗ਼ਾਂ ਅੰਦਰ।

ਮਹਿਕਾਂ ਮਾਨਣ ਦੀ ਥਾਵੇਂ ਮਹਿਕਾਂ ਨੂੰ ਮਸਲਨ,
ਪਾਗਲ ਕਿੰਨੇ ਭੰਵਰੇ ਹੋਏ, ਬਾਗ਼ਾਂ ਅੰਦਰ।

◈◈◈



## 57.

ਜਿਹੜੇ ਰਾਹ ਤੇ ਤੁਰਦੈ ਰਾਹੀ, ਏਸੇ ਰਾਹ ਨੇ ਮੰਜ਼ਲ ਹੋਣੈ।
ਜੇ ਨਾ ਰਾਹ ਦੇ ਵਿੱਚ ਚੁਨੌਤੀ, ਫਿਰ ਰਸਤਾ ਵੀ ਬੋਝਲ ਹੋਣੈ।

ਐਵੇਂ ਹੀ ਤੂੰ ਗੁੰਮ ਏਂ ਕਾਹਤੋਂ, ਏਦਾਂ ਕੁਝ ਨਹੀਂ ਹਾਸਿਲ ਹੋਣੈ।
ਇਸ਼ਕ ਅਕਲ ਤੋਂ ਪੁੱਛ ਕੇ ਕਰਨਾ, ਕਹਿੰਦਾ, ਕੋਈ ਜਾਹਲ ਹੋਣੈ।

ਜੇ ਨਾ ਸੋਚ ’ਤੇ ਪੂਰਾ ਉੱਤਰੇ, ਸੋਚਾਂ ਦੇ ਵਿਚ ਜੰਗਲ ਹੋਣੈ।
ਉਹ ਭੀੜਾਂ ਦਾ ਹਿੱਸਾ ਬਣਕੇ, ਹੀ ਦੁਨੀਆ ਵਿਚ ਸ਼ਾਮਿਲ ਹੋਣੈ।

ਇਹ ਜੋ ਏਨਾ ਖੌਫ਼ਜ਼ਦਾ ਏਂ, ਰਸਤੇ ਦੇ ਵਿਚ ਦਲਦਲ ਹੋਣੈ।
ਤੂੰ ਲਹਿਜ਼ੇ ਵਿਚ ਗਰਮੀ ਰੱਖੇਂ, ਏਥੇ ਸਭ ਨੇ ਸ਼ੀਤਲ ਹੋਣੈ।

ਆਪਣੀ ਈਨ ਮਨਾਈ ਜਾਵੇ, ਹਾਕਮ ਕੋਈ ਗਾਫ਼ਲ ਹੋਣੈ।
ਹਰ ਮਸਲਾ ਸੁਲਝਾ ਲੈਂਦਾ ਏ, ਉਸ ਦੇ ਵਿਚ ਤਹੱਮਲ ਹੋਣੈ।

ਛੋਟੇ ਛੋਟੇ ਹਾਸੇ ਹੱਸੇ, ਬੱਚੇ ਵਾਂਗਰ ਨਿਰਮਲ ਹੋਣੈ।
ਨੈਣਾਂ ਵਿੱਚੋਂ ਰਿਸਿਆ ਜਿਹੜਾ, ਲੱਗਦੈ ਸੀਨਾ ਘਾਇਲ ਹੋਣੈ।

ਤੂੰ ਖ਼ੁਦ ਨੂੰ ਹੀ ਨਿਗਲੀ ਜਾਵੇਂ, ਤੂੰ ਆਪਣੀ ਹੀ ਕਾਤਲ ਹੋਣੈ।
ਤੇਰਾ ਇੱਕ ਅਧੂਰਾ ਸੁਪਨਾ, ਹਾਲੇ ‘ਜੀਤ’ ਮੁਕੰਮਲ ਹੋਣੈ।

◈◈◈

## 58.

ਬਾਗੇ ਦੇ ਵਿੱਚ ਮੋਰ ਨਾ ਕੂਕੇ, ਕੋਇਲ ਗੀਤ ਸੁਣਾਵੇ ਨਾ।
ਹੁਣ ਤੋਤੇ ਦੀ ਟੁੱਕੀ ਅੰਬੀ ਨੂੰ ਵੀ, ਕੋਈ ਮੂੰਹ ਲਾਵੇ ਨਾ।

ਅੱਖਾਂ ਥਾਣੀ ਰਾਤ ਗਈ ਹੈ, ਇੱਕ ਬਿਰਹਣ ਬੇਚਾਰੀ ਦੀ,
ਦਿਨ ਨੂੰ ਬੈਠ ਬਨੇਰੇ ਉੱਤੇ, ਕਾਂ ਵੀ ਧੀਰ ਧਰਾਵੇ ਨਾ।

ਮੈਂ ਗ਼ਜ਼ਲਾਂ, ਮੈਂ ਗੀਤਾਂ ਵਰਗੀ, ਮੈਂ ਕੋਮਲ ਹਾਂ ਕਲੀਆਂ ਤੋਂ,
ਪਰ ਸ਼ਾਇਰ ਨਿਰਮੋਹੀ ਮੇਰਾ, ਮੈਨੂੰ ਸੁਰ ਵਿਚ ਗਾਵੇ ਨਾ।

ਦਿਲਬਰ ਵਰਗਾ ਬੇਦਰਦੀ ਨਾ, ਹੋਰ ਜ਼ਮਾਨੇ ਵਿਚ ਕੋਈ,
ਅੱਖਾਂ ਮੂਹਰੇ ਰਹਿਣਾ ਕੀ ਏ, ਸੁਪਨੇ ਵਿਚ ਵੀ ਆਵੇ ਨਾ।

ਇੱਕ ਪ੍ਰਦੇਸੀ ਨੂੰ ਦਿਲ ਦੇ ਕੇ, ਖ਼ਬਰੇ ਕੀਤੀ ਭੁੱਲ ਕੋਈ,
ਬੇਪਰਵਾਹ ਨੂੰ ਮੇਰੇ ਦੇਸ਼ ਦਾ, ਪੌਣ ਤੇ ਪਾਣੀ ਭਾਵੇ ਨਾ।

ਮੇਰੀ ਸੋਚ ਦੇ ਅੰਬਰ ਉੱਤੇ, ਉੱਕਰੇ ਸ਼ਬਦ ਹਜ਼ਾਰਾਂ ਹੀ,
ਐਪਰ ਉਸ ਦੀ ਸੋਚ ਬਰਾਬਰ, ਇਕ ਵੀ ਸ਼ਬਦ ਥਿਆਵੇ ਨਾ।

ਮੈਂ ਤਾਂ ਗਲ਼ੀਆਂ ਸੰਬਰ ਸੰਬਰ, ਸ਼ੀਸ਼ੇ ਵਾਂਗੂ ਕਰ ਦਿੱਤੀਆਂ,
ਮੇਰਾ ਦਿਲਬਰ ਸੋਨ ਸੁਨੱਖਾ, ਫਿਰ ਵੀ ਫੇਰਾ ਪਾਵੇ ਨਾ।

ਨਿੱਤ ਹੀ ਘਰ ਦੀ ਸਰਦਲ ਉੱਤੇ, 'ਜੀਤ' ਉਡੀਕਾਂ ਮਾਹੀ ਨੂੰ,
ਕਿਧਰੇ ਯਾਰ ਭੁਲੱਕੜ ਘਰ ਦਾ, ਰਸਤਾ ਹੀ ਭੁੱਲ ਜਾਵੇ ਨਾ।

◈◈◈



## 59.

ਮੁਹੱਬਤ ਜੇ ਦਵੇ ਦਸਤਕ, ਤਾਂ ਬੂਹੇ ਖੋਲ੍ਹਣੇ ਪੈਂਦੇ।
ਦਿਲਾਂ ਵਿਚ ਦਰਦ ਜੇ ਹੋਵਣ, ਕਿਤੇ ਤਾਂ ਫੋਲਣੇ ਪੈਂਦੇ।

ਜੋ ਹੁੰਦੇ ਸਿਦਕ ਦੇ ਪੱਕੇ, ਉਹ ਬੇਪਰਵਾਹ ਹੀ ਚਲਦੇ ਨੇ,
ਕਿ ਰਸਤੇ ਜੁਗਨੂੰਆਂ ਤਾਈਂ, ਕਦੇ ਨਾ ਟੋਲਣੇ ਪੈਂਦੇ।

ਜੇ ਮੇਰੇ ਸੁਪਨਿਆਂ ਵਿਚ ਆ ਕੇ, ਹਾਮੀ ਪਿਆਰ ਦੀ ਭਰਦੋਂ,
ਤਾਂ ਮੈਨੂੰ ਦਿਲ ਦੇ ਚਾਅ ਨਾ, ਹਉਕਿਆਂ ਸੰਗ ਤੋਲਣੇ ਪੈਂਦੇ।

ਅੰਗਾਰੇ ਜੀਭ 'ਤੇ ਧਰ ਕੇ, ਜੇ ਇਸ ਨੂੰ ਹੱਥ 'ਚ ਨਾ ਦਿੰਦਾ,
ਕਲਮ ਨੂੰ ਬੋਲ ਨਾ ਗੂੰਗੇ, ਕਦੇ ਫਿਰ ਬੋਲਣੇ ਪੈਂਦੇ।

ਇਨ੍ਹਾਂ ਅਮਰਿਤ ਜਿਹੇ ਸ਼ਿਅਰਾਂ, ਦੀ ਜੇਕਰ ਦਾਦ ਦੇ ਦਿੰਦਾ,
ਨਾ ਸੁੱਚੇ ਨੀਰ ਬੇਕਦਰਾਂ ਦੇ, ਸਾਹਵੇਂ ਡੋਲਣੇ ਪੈਂਦੇ।

ਬਿਖੇਰੇ ਰੰਗ ਕੁਦਰਤ ਨੇ, ਬਣੀਂ ਤਾਂ ਪੀਂਘ ਹੈ ਅੰਬਰੀਂ,
ਜੇ ਭਰਨੇ ਕੈਨਵਸ ਉੱਤੇ, ਉਹ ਰੰਗ ਤਾਂ ਘੋਲਣੇ ਪੈਂਦੇ।

ਜੇ ਆਪਣੇ ਦੇਸ਼ ਅੰਦਰ 'ਜੀਤ' ਮਿਲਦੀ ਨੌਕਰੀ ਸਭ ਨੂੰ,
ਤਾਂ ਮਾਵਾਂ ਨੂੰ ਨਾ ਆਪਣੇ ਪੁੱਤ, ਦਰ ਦਰ ਰੋਲਣੇ ਪੈਂਦੇ।

◈◈◈

## 60.

ਰਾਤਾਂ ਦੀ ਨੀਂਦ ਲੁੱਟਣ, ਤੇਰੇ ਹੀ ਖ਼ਾਬ ਆ ਕੇ।
ਹਾੜ੍ਹਾ ਕਦੀ ਤਾਂ ਮਿਲ ਜਾ, ਮੈਨੂੰ ਜਨਾਬ ਆ ਕੇ।

ਹਿਜਰਾਂ ਦੀ ਭੇਟ ਚਾੜ੍ਹੋਂ, ਉਮਰਾਂ ਦੇ ਸਾਲ ਕਾਹਤੋਂ?
ਸੁੱਤੀ ਜਗਾ ਕੇ ਮੈਨੂੰ, ਦੇਵੀਂ ਗੁਲਾਬ ਆ ਕੇ।

ਮੇਰੇ ਤੋਂ ਦੂਰ ਜਾ ਕੇ, ਮੇਰੇ ਤੂੰ ਚੈਨ ਦੀ ਥਾਂ,
ਜਿੰਨੇ ਵੀ ਪੌਂਡ ਵੱਟੇ, ਦੱਸੀਂ ਹਿਸਾਬ ਆ ਕੇ।

ਹਾਲੇ ਵੀ ਯਾਦ ਸਖ਼ੀਆਂ, ਪੀਂਘਾਂ ਤੀਆਂ ਤੇ ਚਰਖਾ,
ਦੀਵੇ ਦੀ ਲੋਅ ਦੇ ਕੋਲੇ, ਪੜ੍ਹਨੀ ਕਿਤਾਬ ਆ ਕੇ।

ਸਤਲੁਜ ਦੇ ਚੇਤਿਆਂ ਵਿਚ, ਸਾਡੀ ਵੀ ਹੋਂਦ ਕੋਈ?
ਰਾਵੀ ਬਿਆਸ ਕੋਲੋਂ, ਪੁੱਛੇ ਝਨਾਬ ਆ ਕੇ।

ਤਰਕਾਂ 'ਚ ਖੋਟ ਰੱਖੇ, ਮੇਰੀ ਕਲਮ ਵੀ ਝੂਠੀ,
ਵਾਹ ਵਾਹ ਦੀ ਹੋੜ ਭਾਲ਼ੇ, ਮੰਗੇ ਖ਼ਿਤਾਬ ਆ ਕੇ।

ਹੁਣ ਤਕ ਵੀ ਨਾਲ਼ ਮੇਰੇ, ਉੱਪਰੋਂ ਹੀ ਸਾਂਝ ਰੱਖੀ,
ਜਿੱਥੇ ਤੂੰ ਜਾ ਕੇ ਲਾਹਿਆ, ਦੱਸੀਂ ਨਕਾਬ ਆ ਕੇ।

ਸਭ ਦੇ ਹੀ ਨਾਲ਼ ਅੱਜਕੱਲ੍ਹ, ਰਹਿੰਦੀ ਆ ਜੀਤ ਉੱਖੜੀ,
ਉਹਨੂੰ ਸਿਖਾ ਕੇ ਜਾਵੀਂ, ਅਦਬੋ ਅਦਾਬ ਆ ਕੇ।

◈◈◈



## 61.

ਜੱਗ ਦੀ ਹਰ ਇਕ ਸਖ਼ਤੀ ਨੂੰ, ਹੱਸ-ਹੱਸ ਕੇ ਜਰ ਲੈਂਦੀ।
ਇੱਕੋ ਜੀਵਨ ਵਿਚ ਔਰਤ, ਕਿੰਨੀ ਵਾਰੀ ਮਰ ਲੈਂਦੀ।

ਨਫ਼ਰਤ ਤੇ ਹੰਕਾਰ ਜਦੋਂ, ਧਰਤੀ ਬੰਜਰ ਕਰ ਦਿੰਦੇ,
ਅਪਣੀ ਕੁੱਖ 'ਚੋਂ ਇਹ ਆਪਣੇ, ਆਸ਼ਕ ਪੈਦਾ ਕਰ ਲੈਂਦੀ।

ਚੰਨ ਦੇ ਓਹਲੇ ਲੁਕ-ਲੁਕ ਕੇ, ਫਿਰ ਬਦਲੋਟੀ ਰੋਂਦੀ ਨਾ,
ਰੇਤੇ ਦੇ ਗਲ਼ ਲੱਗਣ ਲਈ, ਜੇ ਉਹ ਸਾਗਰ ਤਰ ਲੈਂਦੀ।

ਹਰ ਵੇਲੇ ਹੀ ਕਸਕ ਜਿਹੀ, ਮੇਰੇ ਅੰਦਰ ਰਹਿੰਦੀ ਹੈ,
ਕਾਸ਼ ਕਿਤੇ ਮੈਂ ਹਿਜਰ ਤੇਰਾ, ਸੁੱਖੀਂ ਸਾਂਦੀ ਜਰ ਲੈਂਦੀ।

ਸ਼ਾਹੂਕਾਰਾਂ ਕੋਲ ਉਦੋਂ, ਬਾਬਲ ਗਿਰਵੀ ਹੋ ਜਾਂਦੈ,
ਮਹਿੰਦੀ ਲਾ ਕੇ ਧੀ ਉਸ ਦੀ, ਜਦ ਪੈਰੀਂ ਪਾ ਝਾਂਜਰ ਲੈਂਦੀ।

ਆਪਣੇ ਵਿਰਸੇ ਦੀ ਨਿੱਘੀ, ਬੁੱਕਲ ਦੇ ਵਿਚ ਜਾ ਬੈਠੇ,
ਜਦ ਵੀ ਉਹ ਫੁਲਕਾਰੀ ਨੂੰ, ਮੋਢੇ ਉੱਤੇ ਧਰ ਲੈਂਦੀ।

ਉਸ ਝੱਲੀ ਤੋਂ ਜੇ ਕਿਧਰੇ, ਇਕ ਵਾਰੀ ਬਣ ਜਾਂਦੀ ਤਾਂ,
'ਜੀਤ' ਤੇਰੀ ਤਸਵੀਰ 'ਚ ਵੀ, ਮਰਜ਼ੀ ਦੇ ਰੰਗ ਭਰ ਲੈਂਦੀ।

◈◈◈

## 62.

ਗੁਰਾਂ ਜਦ ਆਪਣੇ ਸਿੱਖਾਂ, ਦੇ ਸਾਹਵੇਂ ਮੰਗ ਰੱਖੀ ਸੀ।
ਤਾਂ ਉੱਠ ਕੇ ਸੂਰਮੇ ਭੱਜੇ, ਜ਼ਰਾ ਨਾ ਸੰਗ ਰੱਖੀ ਸੀ।

ਪਿਆਰੇ ਹੋਣ ਦੇ ਰੁਤਬੇ, ਅਸਾਨੀ ਨਾਲ਼ ਨਹੀਂ ਮਿਲਦੇ,
ਪਤਾ ਨਹੀਂ ਕਿੰਨਿਆਂ ਜਨਮਾਂ ਦੀ ਭਗਤੀ ਅੰਗ ਰੱਖੀ ਸੀ।

ਵਰ੍ਹੇ ਦੋ ਸੌ ਤੋਂ ਵੱਧ ਲੱਗੇ, ਤੇ ਪਰਗਟ ਖ਼ਾਲਸਾ ਹੋਇਆ।
ਵਿਕਾਰਾਂ ਨੂੰ ਮਿਟਾਵਣ ਲਈ, ਹੀ ਜਾਰੀ ਜੰਗ ਰੱਖੀ ਸੀ।

ਕਿ ਇਕ ਸੀ ਖ਼ੌਫ਼ ਜਾਬਰ ਦਾ, ਤੇ ਝਗੜੇ ਊਚ ਨੀਚਾਂ ਦੇ,
ਤੇ ਦੋਨਾਂ ਤਾਕਤਾਂ ਕਰਕੇ, ਇਹ ਦੁਨੀਆ ਤੰਗ ਰੱਖੀ ਸੀ।

ਜ਼ੁਲਮ ਦੇ ਗੂੜ੍ਹਿਆਂ ਰੰਗਾਂ ਨੂੰ ਫਿੱਕੇ ਕਰਦਿਆਂ ਹੋਇਆਂ,
ਗੁਰੂ ਦੇ ਰੰਗ ਵਿਚ ਸਿੱਖਾਂ, ਨੇ ਸਿੱਖੀ ਰੰਗ ਰੱਖੀ ਸੀ।

ਪੁਰਾਤਨ ਗੱਲ ਕਰਲੈ ਤੂੰ, ਤੇ ਭਾਵੇਂ ਛੇੜ ਲੈ ਅੱਜ ਦੀ,
ਸਮੇਂ ਦੇ ਰਾਜਿਆਂ ਦੀ ਹਿੱਕ, ਅਸੀਂ ਹੀ ਡੰਗ ਰੱਖੀ ਸੀ।

ਅਸਾਡਾ ਦੇਸ਼ ਨਾ ਕੋਈ, ਤੇ ਸਾਰੇ ਦੇਸ਼ ਸਾਡੇ ਨੇ,
ਜ਼ਰਾ ਸਮਝੀਂ ਕਿ ਇਹ ਗੱਲ ਮੈਂ, ਕਿਹੜੇ ਪਰਸੰਗ ਰੱਖੀ ਸੀ।

ਸਫ਼ਰ ਵਿਚ 'ਜੀਤ' ਨੇ ਕੱਟੀ, ਹੈ ਸਾਰੀ ਜ਼ਿੰਦਗੀ ਅੱਜ ਤਕ,
ਤੇ ਸਿੱਖਿਆ ਆਪਣੇ ਗੁਰ ਦੀ, ਹਮੇਸ਼ਾਂ ਸੰਗ ਰੱਖੀ ਸੀ।

◈◈◈



## 63.

ਆਪਣੇ ਚਾਰ-ਚੁਫ਼ੇਰੇ ਤੋਂ ਵੀ, ਡਰ ਲੱਗਦੈ।
ਅੱਜਕੱਲ੍ਹ ਮੈਨੂੰ ਮੇਰੇ ਤੋਂ ਵੀ, ਡਰ ਲੱਗਦੈ।

ਸੋਚਾਂ ਦੇ ਵਿਚ ਇਹ ਕੈਸਾ ਠਹਿਰਾਵ ਜਿਹਾ?
ਜੋ ਹੁਣ ਪੰਧ ਲੰਮੇਰੇ ਤੋਂ ਵੀ, ਡਰ ਲੱਗਦੈ।

ਟੁੱਟੀ ਵੰਗ ਦਾ ਕੱਚ ਤਲੀ ਵਿਚ ਖੁੱਭਾ ਸੀ,
ਵਣਜਾਰੇ ਦੇ ਫੇਰੇ ਤੋਂ ਵੀ, ਡਰ ਲੱਗਦੈ।

ਰਾਤ ਨੂੰ ਮਾਨਣ ਵਾਲੀ ਕੁੱਲ 'ਚ ਜੰਮੇ ਜੋ,
ਉਹਨੂੰ ਸੁਰਖ਼ ਸਵੇਰੇ ਤੋਂ ਵੀ, ਡਰ ਲੱਗਦੈ।

ਦੁਨੀਆਂ ਦੀ ਅੱਖ ਤਾੜੇ ਵਾਂਗ ਜਾਸੂਸਾਂ ਦੇ,
ਅੱਖੋਂ ਹੰਝੂ ਕੇਰੇ ਤੋਂ ਵੀ, ਡਰ ਲੱਗਦੈ।

ਮੈਂ ਸੱਧਰਾਂ ਦੇ ਬਾਗ਼ 'ਚ ਜਿਸ ਨੂੰ ਟੋਲ ਰਹੀ,
ਉਸ ਨੂੰ ਜ਼ੁਲਫ ਦੇ ਘੇਰੇ ਤੋਂ ਵੀ, ਡਰ ਲੱਗਦੈ।

ਉਂਝ ਤਾਂ ਚੋਰ ਬਥੇਰੇ ਨੇ ਇਸ ਜੱਗ ਉੱਤੇ,
ਪਰ, ਸਾਧਾਂ ਦੇ ਡੇਰੇ ਤੋਂ ਵੀ, ਡਰ ਲੱਗਦੈ।

ਹਵਸਾਂ ਦਾ ਕੀ ਉਮਰਾਂ ਨਾਲ ਸਬੰਧ ਭਲਾ,
ਹੁਣ ਤਾਂ ਬੁੱਢੇ ਠੇਰੇ ਤੋਂ ਵੀ, ਡਰ ਲੱਗਦੈ।

ਜਦ ਵੀ ਮੋਹ ਵਿਚ ਆਕੇ 'ਜੀਤ' ਬੁਲਾਵੇਂ ਤੂੰ,
ਮਾਹੀ! ਮੈਨੂੰ ਤੇਰੇ ਤੋਂ ਵੀ, ਡਰ ਲੱਗਦੈ।

◈◈◈

## 64.

ਮੈਨੂੰ ਬਹੁਤ ਰਵਾਇਆ, ਤਲਖ਼ ਹਵਾਵਾਂ ਨੇ।
ਹਰ ਪਲ ਹੀ ਤੜਫਾਇਆ, ਤਲਖ਼ ਹਵਾਵਾਂ ਨੇ।

ਮੇਰਾ ਜਜ਼ਬਾ, ਮੇਰਾ ਚਾਨਣ ਤੇ ਮਕਸਦ,
ਰਾਤਾਂ ਹੱਥ ਫੜਾਇਆ, ਤਲਖ਼ ਹਵਾਵਾਂ ਨੇ।

ਮੈਂ ਨਿੱਤ ਲੀਕਾਂ ਮਾਰ ਨਿਹਾਰਾਂ ਨਕਸ਼ਾਂ ਨੂੰ,
ਤਨਹਾ ਰਹਿਣ ਸਿਖਾਇਆ, ਤਲਖ਼ ਹਵਾਵਾਂ ਨੇ।

ਸੂਝ, ਸਿਆਣਪ, ਸੰਜਮ ਸਾਰਾ ਖੁੱਸ ਗਿਆ,
ਐਸਾ ਨਾਚ ਨਚਾਇਆ, ਤਲਖ਼ ਹਵਾਵਾਂ ਨੇ।

ਇਕ ਤਿਤਲੀ ਹੁਣ ਸ਼ੋਖ ਅਦਾਵਾਂ ਨੂੰ ਭੁੱਲੀ,
ਉਹਦਾ ਰੰਗ ਚੁਰਾਇਆ, ਤਲਖ਼ ਹਵਾਵਾਂ ਨੇ।

ਬਿਰਹਾ, ਦਰਦ, ਵਿਛੋੜਾ ਰੋਗ ਅਵੱਲੇ ਹਨ,
ਇਹ ਦਿੱਤਾ ਸਰਮਾਇਆ, ਤਲਖ਼ ਹਵਾਵਾਂ ਨੇ।

ਜ਼ਖ਼ਮਾਂ ਉੱਤੇ ਲੂਣ ਦੇ ਵਾਂਗੂੰ ਆ ਲੱਗੀਆਂ,
ਜਦ ਵੀ ਮੋਹ ਜਤਲਾਇਆ, ਤਲਖ਼ ਹਵਾਵਾਂ ਨੇ।

ਸ਼ਾਇਰ, ਪਾਗਲ, ਚੋਰ, ਨਿਕੰਮੇ ਕਰ ਦਿੱਤਾ,
ਰਾਤੀਂ ਖ਼ੂਬ ਜਗਾਇਆ, ਤਲਖ਼ ਹਵਾਵਾਂ ਨੇ।

ਜਿਸ ਮਿੱਟੀ ਵਿਚ ਮਾਂ ਬਾਪੂ ਦੀ ਮਹਿਕ ਵਸੇ,
ਉਸ 'ਤੇ ਘਾਤ ਲਗਾਇਆ, ਤਲਖ਼ ਹਵਾਵਾਂ ਨੇ।

ਗੀਤ, ਗ਼ਜ਼ਲ ਤੇ ਨਜ਼ਮਾਂ ਦਾ ਪ੍ਰਸ਼ਾਦ ਬਣਾ,
'ਜੀਤ' ਦੀ ਝੋਲੀ ਪਾਇਆ, ਤਲਖ਼ ਹਵਾਵਾਂ ਨੇ।

◈◈◈



## 65.

ਦੋ ਪਲ ਦੀ ਮੁਸਕਾਨ ਉਧਾਰੀ, ਕਿਉਂ ਮੰਗਾਂ!
ਲੋਕ-ਦਿਖਾਵਾ ਸ਼ਾਨ ਉਧਾਰੀ, ਕਿਉਂ ਮੰਗਾਂ!

ਚਾਰ ਦਿਨਾਂ ਦਾ ਮੇਲਾ ਝੂਠੀ ਸ਼ੁਹਰਤ ਹੈ,
ਮੈਂ ਝੂਠੀ ਪਹਿਚਾਨ ਉਧਾਰੀ, ਕਿਉਂ ਮੰਗਾਂ!

ਜਿਸ ਦੇ ਵਿੱਚੋਂ ਹੋਣਾ ਆਖ਼ਰ ਮੂੰਹ ਕਾਲਾ,
ਮੈਂ ਕੋਲੇ ਦੀ ਖਾਨ ਉਧਾਰੀ, ਕਿਉਂ ਮੰਗਾਂ!

ਉਹ ਆਪਣੇ ਘਰ, ਵੱਡਾ ਹੋਊ, ਮੈਨੂੰ ਕੀ?
ਪੱਤਾ ਦੇ ਕੇ ਭਾਨ ਉਧਾਰੀ, ਕਿਉਂ ਮੰਗਾਂ!

ਮੇਰੇ ਹਿੱਸੇ ਦੇ ਵਿਚ ਸਾਰਾ ਹੈ, ...ਫਿਰ ਵੀ,
ਅੰਬਰ ਤੀਕ ਉਡਾਨ ਉਧਾਰੀ, ਕਿਉਂ ਮੰਗਾਂ!

ਜਿਸ ਹੱਟੀ ਤੋਂ ਇੱਕ ਸੌਦਾ ਲੈਣਾ ਹੈ,
ਸਾਰੀ ਦੱਸ ਦੁਕਾਨ ਉਧਾਰੀ ਕਿਉਂ ਮੰਗਾਂ!

ਜਿਹੜਾ ਕੰਮ ਕਲਮ ਦੇ ਨਾਲ ਹੀ ਹੋ ਜਾਵੇ,
ਉਸ ਦੇ ਲਈ ਕਿਰਪਾਨ ਉਧਾਰੀ, ਕਿਉਂ ਮੰਗਾਂ।

'ਜੀਤ' ਹਮੇਸ਼ਾਂ ਯਾਦ ਰਹੇ ਕਿ ਮਰਨਾ ਹੈ,
ਜੀਵਣ ਖ਼ਾਤਰ ਜਾਨ ਉਧਾਰੀ, ਕਿਉਂ ਮੰਗਾਂ।

◈◈◈

## 66.

ਦਿਨੇ ਤਾਰੇ ਦਿਖਾ ਦਿੱਤੇ, ਤੇ ਰਾਤਾਂ ਕਾਲਖਾਂ ਭਰੀਆਂ।
ਲੁਕਾਈ ਰੋ ਰਹੀ ਸਾਰੀ, ਇਹ ਕਿਸ ਨੇ ਸਾਜ਼ਿਸਾਂ, ਕਰੀਆਂ?

ਜੜ੍ਹਾਂ ਤਕ ਪੀ ਗਈ ਹੈ ਰਸ, ਤਿਜ਼ਾਬੀ ਪੌਣ ਇਹਨਾਂ ਦਾ,
ਹਯਾਤੀ ਭਰ ਵੀ ਬਿਰਖਾਂ ਨੇ, ਸਿਰਾਂ 'ਤੇ ਆਫ਼ਤਾਂ ਜਰੀਆਂ।

ਘਿਰੀ ਹੈ ਜ਼ਿੰਦਗੀ ਹਰ ਇਕ, ਚਿਤਾਵਾਂ ਤੇ ਸਜ਼ਾਵਾਂ ਵਿਚ,
ਖ਼ੁਦਾਈ ਰੁੱਸ ਗਈ ਲੱਗੇ, ਤਲੀ 'ਤੇ ਆਤਿਸ਼ਾਂ ਧਰੀਆਂ।

ਗ਼ਮਾਂ ਦਾ ਦੌਰ ਹਰ ਪਾਸੇ, ਵਿਛੀ ਦਹਿਸ਼ਤ ਚੁਫ਼ੇਰੇ ਹੈ,
ਸਮੇਂ ਨੇ ਹਾਰ ਦਿੱਤੀ ਪਰ, ਅਜੇ ਨਾ ਰੰਜ਼ਿਸ਼ਾਂ ਹਰੀਆਂ।

ਪਛਾਣੂ ਕੀ ਖ਼ਰਾ ਖੋਟਾ? ਭਲਾ ਇਸ ਜ਼ਿੰਦਗੀ ਵਿੱਚੋਂ,
ਅਜੇ ਜੀਵਣ ਦੀਆਂ ਨੇ ਸਾਰੀਆਂ ਹੀ ਖ਼ਾਹਿਸ਼ਾਂ ਮਰੀਆਂ।

ਅਸਾਨੂੰ ਜ਼ਿੰਦਗੀ ਭਰ ਜ਼ਹਿਰ, ਪੀਣਾ ਏਸ ਦਾ ਪੈਣਾ,
ਅਗਰ ਨਾ ਕਰ ਸਕੇ ਹਾਲੇ, ਵੀ ਜੱਗ 'ਤੇ ਸੋਹਬਤਾਂ ਖਰੀਆਂ।

ਮੇਰੀ ਪਰਵਾਜ਼ ਦੇ ਉੱਪਰ, ਲਗਾਵੇ ਰੋਕ ਦੁਨੀਆਂ ਵੀ,
ਤੇ ਮੇਰੇ ਰਿਸ਼ਤਿਆਂ ਹੱਥੋਂ, ਵੀ ਮੈਨੂੰ ਬੰਦਿਸ਼ਾਂ ਸਰੀਆਂ।

ਉਪਾਸਕ ਜ਼ਿੰਦਗੀ ਦੀ ਹਾਂ, ਮੈਂ ਜਜ਼ਬੇ ਠਰਨ ਨਾ ਦੇਵਾਂ,
ਮਗਰ ਇਸ ਜ਼ਿੰਦਗੀ ਨੇ 'ਜੀਤ' ਘੱਲੀਆਂ ਦਾਅਵਤਾਂ ਠਰੀਆਂ।

◈◈◈



## 67.

ਪੌਣਾਂ ਵਾਂਗੂੰ ਵਗਣਾ ਮੀਂਹ ਬਣ ਵਰ੍ਹਨਾ ਹੈ।
ਮੈਂ ਆਪੇ ਨੂੰ ਕੁਦਰਤ ਵਰਗੀ ਕਰਨਾ ਹੈ।

ਫੁੱਲਾਂ ਦਾ ਰਸ ਪੀ ਕੇ, ਹੁਣ ਇਕ ਤਿਤਲੀ ਨੇ,
ਫੁੱਲਾਂ ਦੇ ਵਿਚ ਰੰਗ ਮਸਤੀ ਦਾ ਭਰਨਾ ਹੈ।

ਬੇਸ਼ੱਕ ਸੋਚ ਦੇ ਹੋਠਾਂ ਉੱਤੇ ਚੁੱਪ ਧਰੀ,
ਹਾਲੇ ਮਨ ਦੇ ਵਹਿਣਾਂ ਨੂੰ ਵੀ ਤਰਨਾ ਹੈ।

ਅੰਬਰ ਛੂਹਣ ਦੀ ਇੱਛਾ ਮਨ ਵਿਚ ਜਾਗੀ ਹੈ,
ਮੇਰਾ ਧਰਤੀ ਬਾਝੋਂ ਵੀ ਨਾ ਸਰਨਾ ਹੈ।

ਤੂੰ ਦਰਪਣ ਦੇ ਸਾਹਵੇਂ ਜ਼ੁਲਫ ਸਵਾਰ ਲਵੀਂ,
ਦਰਪਣ ਨੇ ਵੀ ਤੇਰੇ ਨਾਲ ਸੰਵਰਨਾ ਹੈ।

ਮੈਂ ਕਿਰਤਾਂ ਦੀ ਹਰ ਇਕ ਗੀਤ ਤੋਂ ਜਾਣੂੰ ਹਾਂ,
ਉੱਦਮ ਅੱਗੇ ਫੁੱਟਣਾ ਆਖ਼ਿਰ ਝਰਨਾ ਹੈ।

ਹੁਣ ਸੱਚੇ ਨੂੰ 'ਵਾਜ਼ ਉਠਾਉਣੀ ਪੈਣੀ ਏ,
ਕਦ ਤੀਕਰ ਦੱਸ ਬਿਰਖਾਂ ਵਾਂਗੂੰ ਜਰਨਾ ਹੈ।

'ਜੀਤ' ਅਮਨ ਦੇ ਨਾਂ 'ਤੇ ਖ਼ਾਬ ਸਜਾ ਰੱਖੀਂ,
ਹੁਣ ਖ਼ਾਬਾਂ ਵਿਚ ਰੰਗ ਅਮਨ ਦਾ ਭਰਨਾ ਹੈ।

◈◈◈

## 68.

ਉਡਾਰੀ ਹੌਂਸਲੇ ਸਾਡੇ, ਦੀ ਜਦ ਸਾਕਾਰ ਹੋਵੇਗੀ।
ਤੇਰੇ ਝੂਠੇ ਜਿਹੇ ਹੰਕਾਰ, ਦੀ ਤਦ ਹਾਰ ਹੋਵੇਗੀ।

ਸਦਾਵੇ ਲੋਕਤੰਤਰ ਪਰ, ਕਰੇ ਡਿਕਟੇਟਰੀ ਹਰਦਮ,
ਕਦੇ ਨਾ ਸੋਚਿਆ ਏਦਾਂ ਦੀ ਵੀ ਸਰਕਾਰ ਹੋਵੇਗੀ।

ਜੇ ਗੰਦੀ ਸੋਚ ਤੇਰੀ ਨੇ, ਅਸਾਡਾ ਚਰ ਲਿਆ ਜਨਮਤ,
ਤਾਂ ਸੱਤਾ ਰਾਜ ਤੇਰੇ ਦੀ ਸਦਾ ਦੁਰਕਾਰ ਹੋਵੇਗੀ।

ਕਿਸਾਨੀ ਜੋਸ਼ ਨੇ ਭਰਿਆ, ਹੈ ਜਿੰਨਾ ਜੋਸ਼ ਏਕੇ ਦਾ,
ਬੜੀ ਹੀ ਤੇਜ਼ ਇਸ ਏਕੇ, ਦੀ ਹੁਣ ਰਫ਼ਤਾਰ ਹੋਵੇਗੀ।

ਕੂ-ਚਾਲਾਂ ਤੇਰੀਆਂ ਦੇਣੀ ਹੈ ਅੱਜ ਵੀ ਮਾਤ ਹੀ ਤੈਨੂੰ,
ਵਕਾਲਤ ਕੂੜ ਦੀ ਕੱਲ੍ਹ ਵੀ, ਤੇਰੀ ਲਾਚਾਰ ਹੋਵੇਗੀ।

ਵਿਰਾਸਤ ਆਪਣੀ ਦੀ ਹੁਣ, ਅਸਾਂ ਨੇ ਪੈੜ ਮੱਲੀ ਹੈ,
ਤੇ ਨਸਲਾਂ ਸਾਡੀਆਂ ਦੀ ਹੀ, ਸਦਾ ਜੈਕਾਰ ਹੋਵੇਗੀ।

ਤੇਰੀ ਦਹਿਲੀਜ਼ ਦੇ ਉੱਤੇ, ਜੋ 'ਬੇਗ਼ਮਪੁਰ' ਵਸਾਇਆ ਹੈ।
ਤੇਰੇ 'ਹੈਂਕੜਪੁਣੇ' ਨੂੰ ਇਹ, ਵੀ ਇਕ ਲਲਕਾਰ ਹੋਵੇਗੀ।

ਸਿਰਾਂ 'ਤੇ ਬੰਨ੍ਹ ਕੇ ਕੱਫ਼ਣ, ਅਸਾਂ ਨੇ 'ਜੀਤ' ਆਉਣਾ ਹੈ,
ਗੁਨਾਹਾਂ ਤੇਰਿਆਂ ਦੀ ਜਦ, ਕਦੇ ਭਰਮਾਰ ਹੋਵੇਗੀ।

◈◈◈



## 69.

ਖ਼ਬਰੇ ਦਿਲ ਨੂੰ ਕੀ ਹੋ ਜਾਂਦੈ, ਸ਼ਾਮ ਢਲੀ ਤੋਂ।
ਤੇਰੀ ਯਾਦ 'ਚ ਹੀ ਖੋਹ ਜਾਂਦੈ, ਸ਼ਾਮ ਢਲ਼ੀ ਤੋਂ।

ਦਿਨ ਭਰ ਤਾਂ ਇਹ ਤੇਰੀਆਂ ਰਾਹਾਂ ਹੀ ਤੱਕਦੇ ਨੇ,
ਨੈਣੋਂ ਕੱਜਲ ਵੀ ਚੋਅ ਜਾਂਦੈ, ਸ਼ਾਮ ਢਲ਼ੀ ਤੋਂ।

ਗ਼ਰਜ਼ਾਂ ਦੇ ਤਕ ਸੀਮਤ ਸਾਂਝੇਦਾਰ ਜਦੋਂ ਹੈ,
ਨਵੀਆਂ ਗੰਢਾਂ ਹੀ ਛੋਹ ਜਾਂਦੈ, ਸ਼ਾਮ ਢਲ਼ੀ ਤੋਂ।

ਜੀਹਦੇ ਸਾਹਵੇਂ ਇਕ ਦਿਨ ਵਾਂਗ ਚਟਾਨ ਖੜ੍ਹੀ ਸਾਂ,
ਹੁਣ ਉਹ ਪਰਬਤ ਵੀ ਝੋਅ ਜਾਂਦੈ, ਸ਼ਾਮ ਢਲ਼ੀ ਤੋਂ।

ਉਸ ਦੀ ਆਮਦ ਨਾਲ਼ ਰਵਾਨੀ ਜੀਵਨ ਵਿਚ ਹੈ,
ਭਾਵੇਂ ਉਹ ਦਰ ਹੀ ਢੋਅ ਜਾਂਦੈ, ਸ਼ਾਮ ਢਲ਼ੀ ਤੋਂ।

ਚਾਨਣ ਦੀ ਇਕ ਝੀਤ ਦਿਖਾ ਕੇ ਜੁਗਨੂੰ ਵੀ ਤਾਂ,
ਆਸ ਨਵੀਂ ਕੋਈ ਬੋਅ ਜਾਂਦੈ, ਸ਼ਾਮ ਢਲ਼ੀ ਤੋਂ।

◈◈◈

## 70.

ਤੂੰ ਸਹਿਜ-ਸੁਭਾ ਹੀ ਕਰ ਜਾਨੈਂ, ਪਰ ਮੇਰੇ ਲਈ ਲੱਖ ਦੀਆਂ।
ਤੇਰੀਆਂ ਗੱਲਾਂ ਮੇਰੇ ਦਿਲ ਨੂੰ, ਆਹਰੇ ਲਾਈ ਰੱਖ ਦੀਆਂ।

ਤੈਂ ਹੋਠਾਂ ’ਤੇ ਚੁੱਪ ਸਜਾਈ, ਜਿਉਂ ਉਮਰਾਂ ਤੋਂ ਮੌਨ ਲਿਆ,
ਪਰ ਮੈਂ ਰਮਜ਼ਾਂ ਸਮਝ ਲਵਾਂ, ਸਰਦਾਰਾ! ਤੇਰੀ ਅੱਖ ਦੀਆਂ।

ਮੇਰੇ ਦਰ ਨੂੰ ਤਲਬ ਹਮੇਸ਼ਾਂ, ਤੇਰੀ ਦਸਤਕ ਦੀ ਰਹਿੰਦੀ,
ਖ਼ਬਰੇ ਤੂੰ ਕਿਉਂ ਹਰ ਦਮ ਗੱਲਾਂ, ਕਰਦੈਂ ਮੈਥੋਂ ਵੱਖ ਦੀਆਂ।

ਪਿਆਰ ਦਾ ਮਤਲਬ ਪਿਆਰ ਹੀ ਹੁੰਦੈ, ਏਨੀ ਔਖੀ ਗੱਲ ਨਹੀਂ,
ਐਪਰ ਦੁਨੀਆਂ ਘੜਤਾਂ ਘੜਦੀ, ਰਹਿੰਦੀ ਪੱਖ ਵਿਪੱਖ ਦੀਆਂ।

ਤੈਨੂੰ ਖ਼ੈਰ ਮੁਬਾਰਕ ਤੇਰੇ, ਮਹਿਲੀਂ ਨੀਲਮ ਵਿਛਿਆ ਹੈ,
ਮਹਿਲ ਦੀ ਬੁੱਕਲ ਵਿੱਚ ਕਦੇ ਨਾ,ਸੋਹਵਣ ਕੁੱਲੀਆਂ ਕੱਖ ਦੀਆਂ।

ਜਿੱਥੇ ਕੂੜ ਦੀ ਦਲਦਲ ਅੰਦਰ, ਧਸ ਗਏ ਤਰਕਾਂ ਵਾਲੇ ਵੀ,
ਓਥੇ ਗੱਲਾਂ ਤਰਕ ਵਿਹੂਣੇ, ਕਰਦੇ ਕੀ ਪ੍ਰਤੱਖ ਦੀਆਂ?

‘ਜੀਤ’ ਦੇ ਸਾਰੇ ਚਾਅ ਤੇ ਰੀਝਾਂ, ਨੀਵੇਂ ਤੇਰੇ ਸ਼ਮਲੇ ਤੋਂ,
ਤੇਰੇ ਦੇਸ਼ ’ਚ ਪਰ ਬਾਬਲ, ਨਾ ਪੌਣਾਂ ਧੀ ਦੇ ਪੱਖ ਦੀਆਂ।

◈◈◈



## 71.

ਜਦੋਂ ਘਿਰਦੇ ਤੁਫ਼ਾਨੀ ਬਾਰਿਸ਼ਾਂ ਵਿਚਕਾਰ ਵੀਰਾ ਜੀ।
ਪਛਾਣੇ ਜਾਣ ਪਲ ਵਿਚ ਕਾਗ਼ਜ਼ੀ ਕਿਰਦਾਰ ਵੀਰਾ ਜੀ।

ਇਹ ਮੋਮੋ-ਠਗਣੀਆਂ ਗੱਲਾਂ ਦੇ, ਸਾਨੂੰ ਅਰਥ ਆਉਂਦੇ ਨੇ,
ਸਫ਼ਾਈ ਦੇਣ ਕਿਓਂ ਲੱਗਦੇ, ਤੁਸੀਂ ਹਰ ਵਾਰ ਵੀਰਾ ਜੀ।

ਜੇ ਇੱਜ਼ਤ ਮਾਣ ਚਾਹੀਦੈ, ਤਾਂ ਸਿੱਖ ਔਕਾਤ ਵਿਚ ਰਹਿਣਾ,
ਨਾ ਐਵੇਂ ਮਾਣ ਮਰਿਆਦਾ, ਦੀ ਟੱਪ ਦੀਵਾਰ ਵੀਰਾ ਜੀ।

ਅਸੀਂ ਐਨੇ ਵੀ ਨਾ ਭੋਲ਼ੇ, ਕਿ ਤੇਰੀ ਨੀਤ ਨਾ ਪੜ੍ਹੀਏ,
ਅਸਾਂ ਨੇ ਜੰਮਿਆਂ ਕੁੱਖੋਂ, ਹੈ ਕੁਲ ਸੰਸਾਰ ਵੀਰਾ ਜੀ।

ਤੇਰੇ ਤੋਂ ਸੇਕ ਚੰਡੀ ਦਾ, ਰਤਾ ਵੀ ਸਹਿ ਨਹੀਂ ਹੋਣਾ,
ਕਿ ਪਲ ਵਿਚ ਦੇਖਿਓ ਹੁੰਦੇ, ਹੋ ਠੰਢੇ ਠਾਰ ਵੀਰਾ ਜੀ।

ਹਮੇਸ਼ਾਂ ਤੋਂ ਕਿਓਂ ਸਾਨੂੰ ਹੀ ਦੋਵੋਂ ਦਾਨ ਅਕਲਾਂ ਦਾ,
ਕਦੇ ਆਪਣੇ ਤੇ ਪਾ ਦੇਖੋ, ਅਕਲ ਦਾ ਭਾਰ ਵੀਰਾ ਜੀ।

ਪੜ੍ਹਾਵੇਂ ਪਾਠ ਉਲਫ਼ਤ ਦਾ, ਤੂੰ ਝਾਕੇਂ ਬਾਰੀਆਂ ਵਿੱਚੋਂ,
ਤੇ ਖੁੱਲ੍ਹੇ ‘ਜੀਤ’ ਨੇ ਰੱਖੇ, ਜਦੋਂ ਇਹ ਬਾਰ ਵੀਰਾ ਜੀ।

◈◈◈

## 72.

ਕੋਈ ਦਿਲ ਨੂੰ ਦਰਿਆ ਕਹਿੰਦੈ, ਕੋਈ ਕਹਿੰਦੈ ਸਾਗਰ।
ਕੋਈ ਵੀ ਥਾਹ ਪਾ ਨਾ ਸਕਿਆ, ਇਸ ਵਿਚ ਰਹਿੰਦੈ ਕਾਦਰ।

ਇੱਕੋ ਜੋਤ ਹੈ ਉਸ ਦੀ, ਉਹਦਾ ਹਰ ਦਿਲ ਦੇ ਵਿਚ ਵਾਸਾ,
ਉਹ ਹੈ ਨਾਨਕ, ਉਹ ਹੈ ਮੌਲਾ, ਉਹ ਭਗਵਾਨ, ਉਹ ਗਿਰਧਰ।

ਦੁਨੀਆਂ ਨਾਲੋਂ ਦੂਰ ਨੇ ਭਾਵੇਂ, ਰੱਬ ਦੇ ਹੁੰਦੇ ਨੇੜੇ,
ਕਿਉਂ ਫ਼ੱਕਰਾਂ ਦਾ ਕਰਦੇ ਰਹਿੰਦੇ ਨੇ ਹੁਣ ਲੋਕ ਨਿਰਾਦਰ?

ਹੁਸਨਾਂ ਦੇ ਬਾਜ਼ਾਰ 'ਚ ਅੱਜ ਕੱਲ੍ਹ, ਫਿਰਦੈ ਮੰਗਤਾ ਬਣ ਕੇ,
ਦੇਸ਼ ਬਿਗਾਨੇ ਵਿੱਚੋਂ ਆਇਆ, ਜਿਹੜਾ ਇਕ ਸੌਦਾਗਰ।

ਕੁਝ ਨੇ ਜੱਗ ਦੀ ਜਨਣੀ ਕਹਿਕੇ, ਮੇਰਾ ਮਾਣ ਵਧਾਇਆ,
ਕੁਝ ਸੋਚਾਂ ਵਿੱਚੋਂ ਨਾ ਜਾਂਦੇ, ਅਬਦਾਲੀ ਤੇ ਨਾਦਰ।

ਆਖ਼ਰ ਮੁੱਕ ਹੀ ਜਾਂਦੇ ਨੇ ਇਹ, ਸਭ ਦੁਨਿਆਵੀ ਧੰਦੇ,
ਜਿਸ ਦਿਨ ਬੰਦਾ ਸੌਂ ਜਾਂਦਾ ਹੈ, ਲੈ ਕੇ ਚਿੱਟੀ ਚਾਦਰ।

ਉਂਝ ਤਾਂ ਮੁੜ ਤੋਂ ਭਰਨੇ ਦੇ ਲਈ, ਊਣਾ ਭਾਂਡਾ ਚੰਗਾ,
ਐਪਰ 'ਜੀਤ' ਨਾ ਭਰਨੀ ਮੁੜ ਕੇ, ਇਹ ਸਾਹਾਂ ਦੀ ਗਾਗਰ।

◈◈◈

## 73.

ਇਹ ਕੈਸਾ ਕਿਰਦਾਰ ਹੈ, ਬੀਬਾ ਹਾਕਮ ਦਾ।
ਭਾਸ਼ਣ ਧੂੰਆਂਧਾਰ ਹੈ, ਬੀਬਾ ਹਾਕਮ ਦਾ।

ਖੇਤਾਂ ਦੇ ਪੁੱਤਾਂ ਨੂੰ ਖੇਤੋਂ ਝਾੜ ਰਿਹੈ,
ਖਾਨਾ ਹੀ ਬੇਕਾਰ ਹੈ, ਬੀਬਾ ਹਾਕਮ ਦਾ।

ਸਾਡੀ ਸੀਰਤ ਦੇ ਵਿਚ ਮਿੱਟੀ ਦੀ ਖ਼ੁਸ਼ਬੂ,
ਧਰਤੀ ਉੱਤੇ ਭਾਰ ਹੈ, ਬੀਬਾ ਹਾਕਮ ਦਾ।

ਜਿਸ ਨੇ ਇਕ ਦਿਨ ਇਸ ਨੂੰ ਲੈ ਕੇ ਡੁੱਬਣਾ ਹੈ,
ਇਹ ਓਹੀ ਹੰਕਾਰ ਹੈ, ਬੀਬਾ ਹਾਕਮ ਦਾ।

ਇਹ ਚਿੜੀਆਂ ਦੀ, ਮਹਿਮਾ ਤੋਂ ਅਣਜਾਣ ਹੋਣੈ,
ਬਾਜ਼ ਬੜਾ ਬੇਜ਼ਾਰ ਹੈ, ਬੀਬਾ ਹਾਕਮ ਦਾ।

ਹਰ ਪਾਸੇ ਤੋਂ, ਘੇਰਾ ਪਾ ਲਿਆ ਲੋਕਾਂ ਨੇ,
ਹੁਣ ਬਚਣਾ ਦੁਸ਼ਵਾਰ ਹੈ, ਬੀਬਾ ਹਾਕਮ ਦਾ।

ਏਹੀ ਤਾਂ ਇਕ ਦਿਨ ਇਸ ਨੂੰ ਮਰਵਾਵੇਗਾ,
ਦੌਲਤਮੰਦ ਜੋ ਯਾਰ ਹੈ, ਬੀਬਾ ਹਾਕਮ ਦਾ।

ਹੁਣ ਹਾਕਮ ਦੀ ਬੇੜੀ, ਅੱਧ 'ਚ ਅਟਕੀ ਹੈ,
ਦੇਖ ਰਿਹਾ ਪਤਵਾਰ ਹੈ, ਬੀਬਾ ਹਾਕਮ ਦਾ।

◈◈◈

## 74.

ਮੇਰੇ ਘਰ ਦੇ ਅੰਬਰ ਉੱਤੇ ਭਾਉਂਦਾ ਹੈ।
ਮੇਰੇ ਤੋਂ ਹੀ ਚੰਨ ਜ਼ਰਾ ਸ਼ਰਮਾਉਂਦਾ ਹੈ।

ਬਾਹਲ਼ੇ ਵੱਡੇ ਕੱਦ ਵੀ ਬੌਂਣੇ ਲੱਗਦੇ ਨੇ,
ਵਕਤ ਜਦੋਂ ਵੀ ਸਾਨੂੰ ਨਾਚ ਨਚਾਉਂਦਾ ਹੈ।

ਧੂੜ ਜਿਹੀ ਇਕ ਸੀਰਤ ਲੈ ਕੇ ਕੀ ਜੀਣਾ,
ਜੇ ਤੂਫ਼ਾਨਾਂ ਤੋਂ ਹੀ ਦਿਲ ਘਬਰਾਉਂਦਾ ਹੈ।

ਇਸ ਬਾਰਸ਼ ਦੇ ਮੌਸਮ ਨੂੰ ਫਿਰ ਕੀ ਕਰਨਾ,
ਜੇਕਰ ਪੰਛੀ ਭਿੱਜ ਕੇ ਹੰਝ ਵਹਾਉਂਦਾ ਹੈ।

ਅੰਬਰ ਦੇ ਵਿਚ ਤਕ ਕੇ ਕੂੰਜਾਂ ਉੱਡਦੀਆਂ,
ਮੈਨੂੰ ਅਕਸਰ ਮੋਹ ਸਖ਼ੀਆਂ ਦਾ ਆਉਂਦਾ ਹੈ।

ਮੈਨੂੰ ਸੱਚੀਂ ਖੰਭ ਜਿਹੇ ਲੱਗ ਜਾਂਦੇ ਨੇ,
ਮਾਹੀ 'ਕਰਮਾਂ ਵਾਲੀ' ਆਖ ਬੁਲਾਉਂਦਾ ਹੈ।

ਜੀਤ ਧੀਆਂ ਦਾ ਡੇਰਾ ਵਤਨੋਂ ਦੂਰ ਸਹੀ,
ਪਰ, ਬਚਪਨ ਤਾਂ ਬਾਪ ਦੇ ਘਰ ਮੁਸਕਾਉਂਦਾ ਹੈ।

◈◈◈

## 75.

ਸਮੁੰਦਰ ਅੱਗ ਦਾ ਤਰਨੇ ਦਾ ਜਦ ਨਾ ਹੌਸਲਾ ਹੋਇਆ।
ਤਾਂ ਬੇੜੀ ਡੋਬ ਕੇ ਆਪੇ, ਮਲਾਹ ਸੀ ਲਾਪਤਾ ਹੋਇਆ।

ਅਜੇ ਮਿੱਟੀ ਜਿਹਾ ਬਣ ਕੇ, ਹੀ ਠੇਡੇ ਖਾ ਰਿਹਾ ਏਥੇ,
ਪਤਾ ਨਾ ਲੱਗਣਾ ਜਦ ਉਹ, ਹਵਾ ਵਾਂਗੂੰ ਹਵਾ ਹੋਇਆ।

ਹਿਦਾਇਤ ਜ਼ਿੰਦਗੀ ਦੀ ਵੀ, ਕਿਸੇ ਨੂੰ ਕੀ, ਕਿਵੇਂ ਦੇਣੀ?
ਨਸੀਬਾ ਆਪਣਾ ਹੀ ਨਾ, ਅਗਰ ਸਾਥੋਂ ਕਮਾ ਹੋਇਆ।

ਅਮਾਨਤ ਮੌਤ ਦੀ ਹੁੰਦੀ ਹੈ, ਬੇਸ਼ਕ ਜ਼ਿੰਦਗੀ ਸਾਡੀ,
ਕਦੇ ਵੀ ਖ਼ੁਦਕੁਸ਼ੀ ਕਰਨੇ 'ਤੇ, ਖ਼ੁਸ਼ ਨਹੀਂਉਂ ਖ਼ੁਦਾ ਹੋਇਆ।

ਬਜ਼ਮ ਦੇ ਵਿੱਚ ਬਹਿਕੇ ਵੀ, ਮੈਂ ਦੱਸ ਕੀ ਗੁਣਗੁਣਾਵਾਂਗੀ,
ਜੇ ਨਗ਼ਮਾ ਪਿਆਰ ਤੇਰੇ ਦਾ, ਨਾ ਹੋਠਾਂ 'ਤੇ ਸਜਾ ਹੋਇਆ।

"ਤੇਰੇ ਲਈ ਸਹਿ ਲਵਾਂਗਾ ਸਭ" ਤੇ ਬਣਿਆ ਬਿਰਖ, ਉਹ ਕਹਿਕੇ,
ਚਲੋ ਵਾਅਦਾ ਕੋਈ ਤਾਂ ਉਸ ਦਾ ਵੀ, ਏਦਾਂ ਵਫ਼ਾ ਹੋਇਆ।

ਨਾ ਉਸਨੇ 'ਜੀਤ' ਹੁਣ ਮੁੜਨਾ, ਮਗਰ ਇਹ ਖੇਦ ਰਹਿਣਾ ਹੈ,
ਕਿ ਬੇਟੀ ਹੋਣ ਦਾ ਵੀ ਹੱਕ, ਨਾ ਮੈਥੋਂ ਅਤਾ ਹੋਇਆ।

◈◈◈

## 76.

ਜਦ ਕਦੇ ਵੀ ਖ਼ੁਦ ਨੂੰ ਮੈਂ ਪੜਚੋਲਿਆ ਹੈ।
ਦਿਲ ਮੇਰੇ ਨੇ ਨਾਮ ਤੇਰਾ ਬੋਲਿਆ ਹੈ।

ਮੈਂ ਕਦੇ ਵੀ ਗੱਲ ਦਿਲ ਦੀ ਨਾ ਸੁਣੀ ਸੀ,
ਭੇਤ ਕੋਈ ਇਸ ਨੇ ਵੀ ਨਾ ਖੋਲ੍ਹਿਆ ਹੈ।

ਤੇਰਿਆਂ ਸਾਹਾਂ ਦਾ ਨਿੱਘ ਜਦ ਮਾਣਿਆ, ਤਾਂ
ਮੇਰਿਆਂ ਹੋਠਾਂ ਨੇ ਵੀ ਰਸ ਘੋਲਿਆ ਹੈ।

ਬਿਨ ਬੁਲਾਏ ਬੋਲਿਆ ਤੂੰ ਸ਼ੀਸ਼ਿਆਂ 'ਚੋਂ,
ਮੈਂ ਲਕੀਰਾਂ 'ਚੋਂ ਵੀ ਤੈਨੂੰ ਟੋਲਿਆ ਹੈ।

ਹਾਸ਼ੀਏ ਤੋਂ ਦੂਰ ਜਾ ਕੇ ਹੁਣ ਕਲਮ ਨੇ,
ਜ਼ਿੰਦਗੀ ਦੇ ਕਾਇਦਿਆਂ ਨੂੰ ਫੋਲਿਆ ਹੈ।

ਰੇਤ ਵਾਂਗੂੰ ਮੁੱਠ 'ਚੋਂ ਨਾ ਕੇਰ ਦੇਵੀਂ,
ਹੋਂਦ ਆਪਣੀ ਨੂੰ ਮੈਂ ਝੋਲੀ ਡੋਲ੍ਹਿਆ ਹੈ।

'ਜੀਤ' ਮਨ ਦੇ ਵਸਵਸੇ ਹੀ ਮੁੱਕ ਗਏ ਨੇ,
ਜਦ ਤੋਂ ਸ਼ਬਦਾਂ ਵਿਚ ਤੂੰ ਮੈਨੂੰ ਤੋਲਿਆ ਹੈ।

◈◈◈



## 77.

ਪਲਕਾਂ ਉੱਤੇ ਅੰਮ੍ਰਿਤ ਦੀ ਇਕ ਬੂੰਦ ਟਿਕਾ ਕੇ ਸੌਂ ਗਈ।
ਕਾਲੀ ਰਾਤੇ ਮੈਂ ਕਿਉਂ ਚਿੱਟੇ ਖ਼ਾਬ ਸਜਾ ਕੇ ਸੌਂ ਗਈ?

ਮੇਰੇ ਦਰ ਵੀ ਪਾਵੇ ਫੇਰਾ! ਤਰਲਾ ਕੀਤਾ ਰਹਿਬਰ ਦਾ,
ਉਹ ਜੋਗੀ ਬਣ ਕੇ ਆਇਆ, ਮੈਂ ਦੀਪ ਬੁਝਾ ਕੇ ਸੌਂ ਗਈ।

ਤੇਰੇ ਸ਼ਹਿਰ ਦੇ ਵੱਲੋਂ ਜਦ ਵੀ, ਆਈ ਸਿੱਲੀ ਪੌਣ ਕਦੇ,
ਹੌਕੇ, ਹਾਵਾਂ, ਹੰਝੂ, ਹਾੜ੍ਹੇ, ਮੈਂ ਗਲ਼ ਲਾ ਕੇ ਸੌਂ ਗਈ।

ਉਹਦੀ ਛੋਹ ਨੇ ਸਾਜ਼ ਬਣਾਇਆ, ਬਾਂਸ ਦੀ ਪੋਰੀ ਨੂੰ ਵੀ,
ਚੁੱਪ ਚੁਪੀਤੇ ਸੀਨੇ ਦੇ ਵਿਚ, ਛੇਕ ਪੁਆ ਕੇ ਸੌਂ ਗਈ।

ਮੇਰੇ ਸਬਰ ਦੀ ਜਦ ਕਿਧਰੇ ਵੀ, ਪਰਖ ਕਰੀ ਜਾਬਰ ਨੇ,
ਮੈਂ ਫਿਰ ਖ਼ੁਦ ਨੂੰ ਸਿਦਕਾਂ ਵਾਲਾ, ਪਾਠ ਪੜ੍ਹਾ ਕੇ ਸੌਂ ਗਈ।

ਮੇਰੇ ਗੀਤਾਂ ਦੇ ਵਿਚ ਜ਼ਿਕਰ, ਜਦੋਂ ਬੈਰਾਗ ਦਾ ਛਿੜਿਆ...
ਮੈਂ ਰਾਹਾਂ ਵਿਚ ਤੇਰੇ ਨਾਂ ਦੀ, ਅਲਖ਼ ਜਗਾ ਕੇ ਸੌਂ ਗਈ।

◈◈◈

## 78.

ਮੁਹੱਬਤ ਦੀ ਗਵਾਹੀ ਜੋ, ਜ਼ਮਾਨੇ ਸਾਹਮਣੇ ਭਰਦਾ।
ਕੋਈ ਮੈਨੂੰ ਪਤਾ ਦੇਵੇ, ਮੇਰੇ ਦਿਲਦਾਰ ਦੇ ਦਰ ਦਾ।

ਉਦੋਂ ਤਕ ਬਾਲ ਰੱਖਾਂਗੀ, ਮੈਂ ਆਸਾਂ ਦੇ ਚਿਰਾਗ਼ਾਂ ਨੂੰ,
ਇਹ ਬੱਦਲ ਰੀਝ ਮੇਰੀ ਦਾ, ਜਦੋਂ ਤੀਕਰ ਨਹੀਂ ਵਰ੍ਹਦਾ।

ਵਫ਼ਾ ਹੈ ਸੋਚ ਵਿਚ ਜਿਸ ਦੇ, ਤੇ ਬੋਲੀਂ ਸਾਫ਼ਗੋਈ ਏ,
ਕਹੋ ਜਾ ਕੇ ਜ਼ਰਾ ਉਹਨੂੰ ਵੀ ਕੋਈ ਯਾਦ ਹੈ ਕਰਦਾ।

ਖ਼ੁਦੀ ਨੂੰ ਮਾਨਣੇ ਵਾਲਾ, ਇਹ ਕੇਹਾ ਝੱਲ ਚੜ੍ਹਿਆ ਸੀ?
ਰਿਹਾ ਨਾ ਭੇਤ ਹੀ ਕੋਈ, ਜੋ ਤੈਨੂੰ ਆਪਣੇ ਘਰ ਦਾ।

ਬੜੀ ਮੁਸ਼ਕਿਲ ਨਾ' ਹੁੰਦੀ ਹੈ, ਮੁਰੰਮਤ ਇਹ ਖ਼ਿਆਲਾਂ ਦੀ,
ਜੋ ਕਹਿਣੀ ਮਨ ਦੀ ਗਾਥਾ ਵੀ, ਤੇ ਕਰਨਾ ਜੱਗ ਤੋਂ ਵੀ ਪਰਦਾ।

ਉਪਾਧੀ ਜੇਸ ਨੇ ਦਿੱਤੀ, ਹੈ ਚੁੰਬਕ ਹੋਣ ਦੀ ਮੈਨੂੰ,
ਉਹ ਲੋਹੇ ਵਰਗਿਆਂ ਲੋਕਾਂ ਨੂੰ, ਮੇਰੇ ਕੋਲ ਕਿਉਂ ਧਰਦਾ?

ਉਹਨੇ ਝੋਲੀ 'ਚ ਪਾ ਦੇਣੇ ਸੀ, ਫਿਰ ਅਣਗਿਣਤ ਹੀ ਤਾਰੇ,
ਜੇ ਹਾੜਾ ਕਰ ਲਿਆ ਹੁੰਦਾ, ਅਸਾਂ ਇਕ ਵੇਰ ਅੰਬਰ ਦਾ।

ਜ਼ਮਾਨੇ ਨੇ ਖ਼ਿਲਾਰੇ ਨੇ, ਮੇਰੇ ਵਿਹੜੇ 'ਚ ਜੋ ਕੰਡੇ,
ਮੇਰੇ ਨਾਦਾਨ ਹੱਥਾਂ ਤੋਂ... ਨਾ ਹਾਲੇ ਤੀਕ ਸੁੰਬਰਦਾ।

◈◈◈



## 79.

ਜਿਹਨਾਂ 'ਚੋਂ ਪੀਣ ਖ਼ਾਤਰ, ਭਰਦਾਂ ਏਂ ਡੋਲ ਜੋਗੀ।
ਖੂਹਾਂ ਦੇ ਪਾਣੀਆਂ ਵਿਚ, ਜ਼ਹਿਰਾਂ ਨਾ ਘੋਲ ਜੋਗੀ।

ਰਿਸਦੇ ਨੇ ਜ਼ਖ਼ਮ ਦਿਲ ਦੇ, ਝੱਲੀ ਨਾ ਪੀੜ ਜਾਵੇ,
ਬਾਹਲ਼ੇ ਵੀ ਟੱਕ ਲਾ ਕੇ, ਗਹਿਰੇ ਨਾ ਫੋਲ ਜੋਗੀ।

ਖੇਤਾਂ ਦੇ ਬੰਨਿਆਂ 'ਤੇ, ਘੁੱਗੀਆਂ ਸੁਚੇਤ ਹੋਈਆਂ,
ਸ਼ਿਕਰੇ ਜੇ ਆਣ ਪਹੁੰਚੇ, ਬੋਟਾਂ ਦੇ ਕੋਲ ਜੋਗੀ।

ਬਦਲੇ ਸਮੇਂ ਨਾ ਸੱਭੇ, ਸੋਚਾਂ ਆਜ਼ਾਦ ਹੋਵਣ,
ਤੇਰੀ ਹੀ ਸੋਚ ਉੱਤੇ, ਚੜ੍ਹਿਆ ਹੈ ਖੋਲ ਜੋਗੀ।

ਏਕੇ ਦੇ ਵੱਟਿਆਂ ਦਾ, ਹੁੰਦਾ ਏ ਭਾਰ ਡਾਹਢਾ,
ਸ਼ੀਸ਼ੇ ਦੇ ਪੱਲਿਆਂ ਵਿਚ, ਰੱਖੀਂ ਨਾ ਝੋਲ ਜੋਗੀ।

ਨੇਰ੍ਹਾ ਚੁਫ਼ੇਰ ਛਾਇਆ, ਦੀਵੇ ਵੀ ਗੁੱਲ ਰਾਹ ਦੇ,
ਬਿਰਹੋਂ ਦੇ ਪੈਂਡਿਆਂ ਵਿਚ, ਸਾਨੂੰ ਨਾ ਰੋਲ ਜੋਗੀ।

ਸੱਚ ਦੀ ਜੇ ਪਰਖ ਕਰਨੀ, ਅੱਖਾਂ ਉਘਾੜ ਕੇ ਆ,
ਐਵੇਂ ਵਿਭੂਤ ਮਲ ਕੇ, ਮਹਿਮਾ ਨਾ ਟੋਲ਼ ਜੋਗੀ।

ਤਰਕਾਂ 'ਚ ਤੁੱਲਿਆਂ ਨੇ, ਰਹਿਣਾ ਅਡੋਲ ਜੱਗ 'ਤੇ,
ਖ਼ਾਲੀ ਜੋ 'ਜੀਤ' ਹੁੰਦੇ, ਖੜਕਣ ਉਹ ਢੋਲ ਜੋਗੀ।

◈◈◈

## 80.

ਤੇਰਾ ਗ਼ਮ ਵੀ ਜਰ ਲੈਂਦਾ ਏ, ਦਿਲ ਦਾ ਕੀ ਏ?
ਥੋੜ੍ਹਾ ਥੋੜ੍ਹਾ ਖ਼ਰ ਲੈਂਦਾ ਏ, ਦਿਲ ਦਾ ਕੀ ਏ?

ਰੱਬ ਵਰਗਾ ਹੀ ਮੰਨਦਾ, ਤੈਨੂੰ ਮੁੱਢ ਕਦੀਮੋਂ,
ਤੈਨੂੰ ਸਜਦਾ ਕਰ ਲੈਂਦਾ ਏ, ਦਿਲ ਦਾ ਕੀ ਏ?

ਸਾਗਰ ਦੀ ਤਹਿ ਉੱਤੋਂ, ਮੋਤੀ ਚੁਗਦਾ ਚੁਗਦਾ,
ਲਹਿਰਾਂ ਨਾਲ਼ ਵੀ ਤਰ ਲੈਂਦਾ ਏ, ਦਿਲ ਦਾ ਕੀ ਏ?

ਪਹਿਲਾਂ ਵਰਗੀ ਮੌਜ ਮਿਲੇ ਨਾ, ਬਾਪ ਗੁਆਚੇ ਤੋਂ,
ਇਹ ਬਿੜਕਾਂ ਅਕਸਰ ਲੈਂਦਾ ਏ, ਦਿਲ ਦਾ ਕੀ ਏ?

ਮਾਂ ਦੇ ਆਂਚਲ ਦਾ, ਪਰਛਾਵਾਂ ਚੇਤੇ ਆਵੇ ਤਾਂ,
ਯਾਦਾਂ ਦਾ ਨਿੱਘ ਵਰ ਲੈਂਦਾ ਏ, ਦਿਲ ਦਾ ਕੀ ਏ?

ਜਦ ਵੀ ਦੇਖੇ ਤੜਫ ਰਿਹੈ, ਯਾਦਾਂ ਦਾ ਪੰਛੀ,
ਆਣ ਕਲਾਵੇ ਭਰ ਲੈਂਦਾ ਏ, ਦਿਲ ਦਾ ਕੀ ਏ?

ਤੇਰੇ ਨਾਂ ਦੀ ਮਾਹੀ ! ਬੇਸ਼ੱਕ ਜਿੱਤ ਨਸੀਬ ਨਹੀਂ,
ਤੇਰੇ ਮੋਹ ਵਿਚ ਹਰ ਲੈਂਦਾ ਏ, ਦਿਲ ਦਾ ਕੀ ਏ?

ਜੱਗ ਦੀਆਂ ਰੀਤਾਂ ਤੋਂ, 'ਜੀਤ' ਜਦੋਂ ਮਨ ਭਰਦੈ,
ਦਰਦ ਬਣਾ ਹੀ ਘਰ ਲੈਂਦਾ ਏ, ਦਿਲ ਦਾ ਕੀ ਏ?

◈◈◈



## 81.

ਮੇਰੇ ਮਹਿਰਮ ਗਲ਼ੇ ਲਾ ਲੈ, ਨਾ ਨਜ਼ਰਾਂ 'ਚੋਂ ਗਿਰਾ ਮੈਨੂੰ।
ਮੇਰੀ ਉਲਝਣ 'ਚੋਂ ਨਿਕਲਣ ਦਾ, ਕੋਈ ਰਸਤਾ ਦਿਖਾ ਮੈਨੂੰ।

ਖ਼ੁਆਬਾਂ ਵਿਚ ਤੇਰਾ ਸਾਇਆ, ਸਦਾ ਹੀ ਨਾਲ ਚਲਦਾ ਹੈ,
ਖ਼ੁਆਬਾਂ ਨੂੰ ਹਕੀਕਤ ਕਰ, ਨਾ ਕਰ ਏਦਾਂ ਜੁਦਾ ਮੈਨੂੰ।

ਮੈਂ ਹਾਂ ਅਣਜਾਣ ਰਾਹਾਂ 'ਤੇ, ਨਹੀਂ ਏ ਭੇਤ ਮੰਜ਼ਿਲ ਦਾ,
ਤੇ ਉਸ ਮੰਜ਼ਿਲ ਤੋਂ ਪਹਿਲਾਂ ਹੀ, ਤੂੰ ਐ ਮੰਜ਼ਿਲ! ਬੁਲਾ ਮੈਨੂੰ।

ਸਦਾ ਜੋ ਖੋਟ ਹੀ ਉਗਲਣ, ਕਲਮ ਦੀ ਨੋਕ ਤੇ ਬਹਿਕੇ,
ਇਹਨਾਂ ਹਰਫ਼ਾਂ 'ਚ ਪਾ ਬਰਕਤ, ਜ਼ਰਾ ਕਰਦੇ ਖਰਾ ਮੈਨੂੰ।

ਕਦੇ ਵੀ ਤੈਅ ਨਹੀਂ ਹੋਇਆ, ਸਫ਼ਰ ਇਹ ਮੈਂ ਤੋਂ ਤੂੰ ਤੱਕ ਦਾ,
ਜਾਂ ਤਾਂ ਗ਼ਲ ਨਾਲ ਲਾ ਮੈਨੂੰ, ਤੇ ਜਾਂ ਕਰਦੇ ਫ਼ਨਾਹ ਮੈਨੂੰ।

ਚਲੋ ਦੁਨੀਆਂ ਤੇ ਮੇਰਾ ਨਾਂ ਨਹੀਂ ਹੋਇਆ ਤਾਂ ਕੀ ਹੋਇਆ,
ਕਿ ਹੁਣ ਬਦਨਾਮ ਹੋਵਣ ਦੀ ਹੀ ਦੇ ਕੋਈ ਵਜ੍ਹਾ ਮੈਨੂੰ।

ਕਦੇ ਵੀ 'ਜੀਤ' ਸਾਬਤ ਰਹਿਣ ਨਾ ਦਿੱਤੀ ਗੁਨਾਹਾਂ ਨੇ,
ਸਬੂਤੀ ਕਰਨ ਲਈ ਰਹਿਮਤ ਦਾ ਤੂੰ ਅੰਮ੍ਰਿਤ ਪਿਲਾ ਮੈਨੂੰ।

◈◈◈

## 82.

ਤੂੰ ਕਿਸ ਤਰ੍ਹਾਂ ਦਾ ਮੈਨੂੰ, ਮੰਜ਼ਰ ਦਿਖਾ ਗਿਆ ਏਂ?
ਬਿਰਹੋਂ ਦੇ ਘੋਲ ਵਾਲਾ, ਸ਼ਰਬਤ ਪਿਲਾ ਗਿਆ ਏਂ।

ਤੇਰੀ ਹੀ ਛਹਿ ’ਤੇ ਆਈ, ਸੀ ਪੌਣ ਮੀਂਹ ’ਚ ਨ੍ਹਾ ਕੇ,
ਬਿਰਖਾ! ਅਡੋਲ ਰਹਿ ਕੇ, ਰੀਝਾਂ ਸੁਕਾ ਗਿਆ ਏਂ।

ਹਰ ਪਲ ਹੀ ਚੜ੍ਹਤ ਸਾਡੀ, ਇਕਸਾਰ ਤਾਂ ਨ੍ਹੀ ਰਹਿੰਦੀ,
ਚੜ੍ਹਦੇ ਨੇ ਵੀ ਹੈ ਲਹਿਣਾ, ਮੈਨੂੰ ਸਿਖਾ ਗਿਆ ਏਂ।

ਨੀਲੇ ਗਗਨ ਦੇ ਥੱਲੇ, ਮਾਣੇ ਸੀ ਪਲ਼ ਅਸਾਂ ਜੋ,
ਸਾਡੇ ਮਿਲਾਪ ਵਾਲੇ, ਨਗ਼ਮੇ ਭੁਲਾ ਗਿਆ ਏਂ।

ਨਦੀਆਂ ਦੇ ਵਾਂਗਰਾਂ ਸੀ, ਮਸਤੀ ਦੇ ਵਿਚ ਰਹਿਣਾ,
ਕੰਕਰ ਵਿਛਾ ਕੇ ਮੈਨੂੰ, ਜਲਦੀ ’ਚ ਪਾ ਗਿਆ ਏਂ।

ਤੇਰੀ ਇਹ ਪ੍ਰੇਮ ਧਾਰਾ, ਮੇਰੀ ਸਮਝ ਨਾ ਆਈ,
ਰਾਸ਼ਨ ਫੜਾਉਣ ਆਇਉਂ, ਰੋਜ਼ਾ ਰਖਾ ਗਿਆ ਏਂ।

ਖੋਹ ਕੇ ਮਿਠਾਸ ਮੇਰੀ, ਦਿੱਤਾ ਹੈ ਜ਼ਹਿਰ ਕੈਸਾ?
ਬੇਦਰਦੀਆ ਵੇ ਸੱਭੇ, ਸਾਂਝਾਂ ਮੁਕਾ ਗਿਆ ਏਂ।

ਸਾਰੀ ਹੀ ਜ਼ਿੰਦਗੀ ਮੈਂ, ਮੋਢੇ ’ਤੇ ਰੱਖ ਕੇ ਢੋਣੀ,
ਅਹਿਸਾਨ ਇਹ ਤੂੰ ਕੀਤੈ, ਅਰਥੀ ਸਜਾ ਗਿਆ ਏਂ।

◈◈◈

## 83.

ਫੁੱਲਾਂ ਦਾ ਸੰਗ ਜਦ ਤੋਂ, ਤਿਤਲੀ ਨੇ ਮਾਣਿਆ ਫਿਰ।
ਭੌਰਾਂ ਦੀ ਡਾਰ ਨੂੰ ਵੀ, ਉਸ ਨੇ ਨਾ ਜਾਣਿਆ ਫਿਰ।

ਤੇਰੇ ਹੀ ਨਾਮ ਉੱਤੇ, ਮੇਰੀ ਹੈ ਸੋਚ ਠਹਿਰੀ,
ਜਿੰਨੀ ਵੀ ਵਾਰ ਮੁੜ ਤੋਂ, ਆਪੇ ਨੂੰ ਛਾਣਿਆ ਫਿਰ।

ਬੱਚੇ ਦੇ ਵਾਂਗ ਹਰਦਮ, ਬੋਲਾਂ ’ਚ ਸਾਫ਼ਗੋਈ,
ਕਿੱਦਾਂ ਨਾ ਹਾਲ ਪੁੱਛਾਂ, ਤੇਰਾ ਨਿਮਾਣਿਆਂ ਫਿਰ।

ਆਪਣੇ ਹਿਸਾਬ ਨਾ’ ਹੀ, ਇਹ ਸਭ ਨੂੰ ਤੋਲਦੀ ਹੈ।
ਦੁਨੀਆਂ ਤੋਂ ਵੀ ਨਾ ਡਰਨਾ, ਤਾਂ ਹੀ ਮੈਂ ਠਾਣਿਆ ਫਿਰ।

ਵਿਰਸੇ ਦੇ ਮੋਰ ਘੁੱਗੀਆਂ, ਮੇਰੇ ਨਾ ਜ਼ਿਹਨ ਵਿਚ ਸੀ,
ਸੋਚਾਂ ਦੇ ਨਾਲ਼ ਖਹਿ ਕੇ, ਯਾਦਾਂ ’ਚ ਤਾਣਿਆ ਫਿਰ।

ਪੌਣਾਂ ਨੇ ਰਾਗ ਛੋਹਿਆ, ਮੌਸਮ ਵੀ ਮਸਤ ਲੱਗੇ,
ਸਾਡੀ ਵੀ ਚੁੱਪ ਟੁੱਟੇ, ਤਿੜਕੇਂ ਜੇ ਦਾਣਿਆਂ ਫਿਰ।

ਆਪਣੀ ਉਮਰ ਤੋਂ ਵੱਡੇ, ਦਿੱਤੇ ਜੇ ਤਰਕ ਉਸ ਨੇ,
ਤਰਕਾਂ ਦੀ ਛਾਂ ਨੂੰ ਹੋਣਾ, ਰੱਜ ਕੇ ਹੀ ਮਾਣਿਆ ਫਿਰ।

ਮੇਰੇ ਤੋਂ ਪੀ ਨਾ ਹੁੰਦੇ, ਜੀਵਨ ਦੇ ਘੁੱਟ ਕੌੜੇ,
ਕੁਝ ਤਾਂ ਮਿਠਾਸ ਭਰਦੇ, ਮਿੱਠੇ ਮਖਾਣਿਆਂ ਫਿਰ।

ਸਾਹਾਂ ਦੀ ਡੋਰ ਵਿੱਚੋਂ, ਕਿਰਦੇ ਹੀ ਜਾਣ ਮੋਤੀ,
ਬਹਿ ਜਾ ਤੂੰ ‘ਜੀਤ’ ਕੋਲੇ, ਬਾਹਲ਼ੇ ਸਿਆਣਿਆ ਫਿਰ।

◈◈◈

## 84.

ਤੇਰੇ ਜ਼ੁਲਮ ਦੇ ਅੱਗੇ, ਜਦ ਵੀ ਸੀਨੇ ਡਾਵ੍ਹਾਂਗੇ।
ਸ਼ਾਨਾਂ ਨਾਲ ਜੀਆਂਗੇ, ਮਰ ਕੇ ਮੁਕਤੀ ਪਾਵਾਂਗੇ।

ਤੂੰ ਜਦ ਵੀ ਢਾਹ ਲਾਈ, ਸਾਡੀ ਹੋਂਦ ਨੂੰ ਲਾਈ ਹੈ,
ਪਰ ਸਿਦਕਾਂ ਨੇ ਝੁਕਣਾ ਨਾ, ਤੈਨੂੰ ਫੇਰ ਝੁਕਾਵਾਂਗੇ।

ਕੂੜ ਦੀ ਤਾਕਤ ਨੇ ਡਿੱਠਾ, ਜੰਗ ਜਿਹਨਾਂ ਨੂੰ ਲੱਗਾ,
ਕਹੀਆਂ, ਰੰਬੇ, ਦਾਤਰ, ਫਾਲ੍ਹੇ ਸਭ ਚੰਡਾਵਾਂਗੇ।

ਤੇਰੇ ਤਖ਼ਤ ਦੇ ਪਾਵੇ ਝੁਲਸ, ਇਦ੍ਹੇ ਵਿਚ ਜਾਣੇ ਹਨ,
ਹੁਣ ਗ਼ੈਰਤ ਦੀ ਭੱਠੀ, ਰਲ਼ ਕੇ ਇੰਝ ਤਪਾਵਾਂਗੇ।

ਬੋਲੀ, ਪਾਣੀ, ਧਰਮਾਂ ਨੇ ਸਭ ਸਾਂਝਾਂ ਖੋਹ ਲਈਆਂ,
ਸੁੱਤੇ, ਜਾਗ ਪਏ ਹਾਂ, ਹੁਣ ਮਸਲੇ ਸੁਲਝਾਵਾਂਗੇ।

ਸਾਡੀ ਮਿਹਨਤ ਉੱਤੇ ਮੋਹਰਾਂ ਲਾਵੇ ਕਾਲ ਦੀਆਂ,
ਤੇਰੀ ਤਾਨਾਸ਼ਾਹੀ ਦੀ ਵੀ ਨੀਂਦ ਉਡਾਵਾਂਗੇ।

ਜਬਰਾਂ ਸਾਹਵੇਂ ਅੜਨਾ, ਸਾਨੂੰ ਗੌਰਵ ਨੇ ਦੱਸਿਆ,
ਵਕਤ ਅਸਾਡਾ ਵੀ ਆਵੇਗਾ, ਹੁਕਮ ਸੁਣਾਵਾਂਗੇ।

ਤੂੰ ਡਰਾਇਆ ਏਨਾ, ਕਿ ਸਾਰਾ ਡਰ ਹੀ ਨਿਕਲ ਗਿਆ,
'ਜੀਤ' ਅਸੀਂ ਹੁਣ ਸੱਤਾ ਦੀ ਅੱਖ ਨਾ' ਅੱਖ ਮਿਲਾਵਾਂਗੇ।

◈◈◈

## 85.

ਜਦ ਚਾਹਵੇਂ ਮੇਰੇ ਘਰ ਆਵੀਂ, ਜੀ ਸਦਕੇ।
ਚਾਹੇ ਮੈਨੂੰ ਹਾਕ ਲਗਾਵੀਂ, ਜੀ ਸਦਕੇ।

ਹੁਣ ਜਜ਼ਬਾਤ ਦੇ ਪੰਛੀ ਉੱਚੇ ਉੱਡਦੇ ਹਨ,
ਜਿੱਡੀ ਮਰਜ਼ੀ ਡਾਰ ਬਣਾਵੀਂ, ਜੀ ਸਦਕੇ।

ਰੰਗ ਪੁਰਾਣੇ ਜੀਵਨ ਦੇ ਵਿਚ ਸਾਂਭ ਲਵੀਂ,
ਬੇਸ਼ੱਕ ਨਵਿਆਂ ਨੂੰ ਅਪਣਾਵੀਂ, ਜੀ ਸਦਕੇ।

ਤਾਨ ਵਸਲ ਦੀ ਛੇੜੇਂ ਮਹਿਰਮ ਨਾਲ ਜਦੋਂ,
ਉਮਰਾਂ ਜਿੱਡਾ ਪਲ ਹੰਢਾਵੀਂ, ਜੀ ਸਦਕੇ।

ਖ਼ਾਬਾਂ ਵਿਚ ਤਾਂ ਸਾਰਾ ਅੰਬਰ ਗਾਹ ਲੈਨੈਂ,
ਅੰਬਰ ਧਰਤੀ ਉੱਤੇ ਲਾਹਵੀਂ, ਜੀ ਸਦਕੇ।

ਇੱਜ਼ਤ ਗ਼ੈਰਤ ਅਣਖ, ਇਬਾਦਤ ਨਾਲ ਮਿਲੇ,
ਇਸ ਉਲਫ਼ਤ ਦਾ ਪਾਠ ਪੜ੍ਹਾਵੀਂ, ਜੀ ਸਦਕੇ।

ਉਸ ਦੀ ਫ਼ਿਤਰਤ ਦੇ ਵਿਚ ਖੋਟ ਹਮੇਸ਼ਾਂ ਹੈ,
ਪਰ ਤੂੰ ਉਹਦੇ ਨਾਲ ਨਿਭਾਵੀਂ, ਜੀ ਸਦਕੇ।

ਤੇਰੇ ਰਾਹ ਵਿਚ ਜੱਗ ਵਿਛਾਵੇ ਸੂਲਾਂ ਨੂੰ,
ਤੂੰ ਪੀੜਾਂ ਨੂੰ ਝਾਂਜਰ ਪਾਵੀਂ, ਜੀ ਸਦਕੇ।

''ਮੈਂ ਕੁਰਬਾਨ ਤੇਰੇ ਤੋਂ'' ਆਖੇ 'ਜੀਤ' ਜਦੋਂ,
ਉਹਦੇ ਦਿਲ ਵਿਚ ਡੇਰਾ ਲਾਵੀਂ, ਜੀ ਸਦਕੇ।

◈◈◈

## 86.

ਤੂੰ ਕਦੇ ਤਾਂ ਜ਼ਿੰਦਗੀ ਨੂੰ, ਜ਼ਿੰਦਗੀ ਦੇ ਵਾਂਗ ਮਿਲ।
ਹਾਸਿਆਂ ਤੇ ਰੋਸਿਆਂ ਦੀ ਦੋਸਤੀ ਦੇ ਵਾਂਗ ਮਿਲ।

ਮੌਤ ਦਾ ਕਿਉਂ ਗ਼ਮ ਕਰੇਂ, ਭਟਕਣ ਨੂੰ ਪੱਲੇ ਬੰਨ੍ਹ ਕੇ,
ਐ ਮੁਸਾਫ਼ਰ! ਤੂੰ ਸਫ਼ਰ ਨੂੰ, ਬੰਦਗੀ ਦੇ ਵਾਂਗ ਮਿਲ।

ਕੰਮੀਆਂ ਦੇ ਘਰ ਵੀ ਜਿਹੜਾ, ਲੈ ਕੇ ਆਵੇ ਚਾਨਣਾ,
ਓਸ ਸੂਰਜ ਦੇ ਕਦੇ ਤਾਂ, ਸਾਰਥੀ ਦੇ ਵਾਂਗ ਮਿਲ।

ਕਹਿਣ ਵਿਚ ਤੇ ਕਰਨ ਦੇ ਵਿਚ, ਕਰ ਸਕੇ ਜੋ ਮੇਲ ਨਾ,
ਇਸ ਤਰ੍ਹਾਂ ਦੇ ਨਾ ਕਿਸੇ ਵੀ, ਸਾਜਸ਼ੀ ਦੇ ਵਾਂਗ ਮਿਲ।

ਬੋਲ ਤੇਰੇ ਬਣ ਨਾ ਜਾਵਣ, ਸ਼ੋਰ ਹੀ ਕੰਨ ਪਾੜਵਾਂ,
ਪੀੜ ਸੀਨੇ ਵਿਚ ਲੁਕੋ ਕੇ, ਬੰਸਰੀ ਦੇ ਵਾਂਗ ਮਿਲ।

ਆਪਣੇ ਹੀ ਫ਼ੈਸਲੇ ਤੋਂ, ਲੜਖੜਾਉਣਾ ਠੀਕ ਨਹੀਂ,
ਤੂੰ ਖ਼ਿਆਲਾਂ ਦੀ ਕਦੇ ਤਾਂ, ਪੁਖ਼ਤਗੀ ਦੇ ਵਾਂਗ ਮਿਲ।

ਇਨਕਲਾਬੀ ਤੋਂ ਬਣਾ ਕੇ, ਅੱਤਵਾਦੀ 'ਜੀਤ' ਨੂੰ,
ਆਪਣੇ ਹੀ ਆਪ ਨੂੰ ਨਾ, ਅਜਨਬੀ ਦੇ ਵਾਂਗ ਮਿਲ।

◈◈◈

## 87.

ਘੁੱਪ ਹਨੇਰੇ ਅੰਦਰ ਨਹੀਂਉਂ, ਦਿਸਿਆ ਸਾਇਆ।
ਨਾ ਹੀ ਆ ਕੇ ਜੁਗਨੂੰ, ਮੇਰਾ ਰਾਹ ਰੁਸ਼ਨਾਇਆ।

ਕੋਈ ਖ਼ਾਬ ਜਦੋਂ ਵੀ ਰੋਇਆ ਰਾਤਾਂ ਨੂੰ, ਤਾਂ
ਮੈਂ ਚਾਨਣ ਦਾ ਲਹਿੰਗਾ ਪਾ ਕੇ ਆਪ ਵਰਾਇਆ।

ਤੂੰ ਜਦ ਵੀ ਮਿਲਦਾ ਏਂ, ਆਖ ਸੁਨਾਮੀ ਹੀ ਮਿਲਦੈਂ,
ਰਾਜ਼ ਮੁਹੱਬਤ ਦਾ, ਤੂੰ ਹਾਲੇ ਸਮਝ ਨਾ ਪਾਇਆ।

ਮੈਂ ਭਰਮਾਂ ਵਿਚ ਰਹਿਣਾ, ਵੀ ਹੁਣ ਸਿੱਖ ਲਿਆ ਸੀ,
ਪਰ, ਤੂੰ ਵਿਚ ਹਕੀਕਤ ਦੇ ਮੈਨੂੰ ਆ ਭਰਮਾਇਆ।

ਇੱਕ ਸੁਰੀਲੇ ਸਾਜ਼ ਨੂੰ, ਜਿਸ ਦਿਨ ਤੋਂ ਸੁਣਿਆ ਹੈ,
ਮੈਂ ਉਸ ਦਿਨ ਤੋਂ ਗੀਤ, ਹਮੇਸ਼ਾਂ ਸੁਰ ਵਿਚ ਗਾਇਆ।

ਪੋਲੇ ਹੱਥਾਂ ਨਾਲ ਤਾਂ, ਉਲਝਣ ਖੁੱਲ੍ਹ ਜਾਂਦੀ ਏ,
ਬਾਹਲ਼ੀ ਸਖ਼ਤੀ ਨੇ ਹੀ, ਮਸਲਾ ਸੀ ਉਲਝਾਇਆ।

ਦਰਦ ਕੁੜੱਤਣ ਬਣ ਕੇ, ਜੀਵਨ ਦੇ ਵਿਚ ਘੁਲਿਆ ਸੀ,
'ਜੀਤ' ਗ਼ਜ਼ਲ ਨੇ ਮਿੱਠਾ, ਸ਼ਰਬਤ ਆਣ ਬਣਾਇਆ।

◈◈◈

## 88.

ਕੀ ਹੋਇਆ ਜੇ ਰਾਤ ਹਨੇਰੀ, ਸੋਚੀਂ ਸੂਰਜ ਦਗਦਾ ਹੈ।
ਮਨ ਦੀ ਮਮਟੀ ਉੱਤੇ ਦੀਪਕ, ਰੀਝਾਂ ਦਾ ਵੀ ਜਗਦਾ ਹੈ।

ਬੁੱਲ੍ਹਾਂ ਉੱਤੇ ਚੁੱਪ ਹੈ ਸਾਧੀ, ਸਾਹੀਂ ਸਰਗਮ ਛੇੜ ਗਿਆ,
ਖ਼ਾਬਾਂ ਦੇ ਵਿਚ ਇਕ ਮੁਖੜੇ ਤੇ, ਨੂਰ ਇਲਾਹੀ ਦਗਦਾ ਹੈ।

ਇੱਕ ਛਲਾਵੇ ਵਾਂਗ ਹੀ ਜਿਹੜਾ, ਨਾਲ ਕਦੇ ਬਸ ਤੁਰਿਆ ਸੀ,
ਅੱਜਕੱਲ੍ਹ ਯਾਦਾਂ ਅੰਦਰ ਆ ਕੇ, ਮੈਨੂੰ ਰਹਿੰਦਾ ਠਗਦਾ ਹੈ।

ਧੂੰਏਂ ਦੇ ਕੁਝ ਬੱਦਲ ਕਾਲੇ, ਤੇ ਕੁਝ ਗਰਦਾਂ ਜੰਮੇ ਚਿਹਰੇ,
ਪਾਣੀ ਪੀ ਕੇ ਉੱਜਲ ਹੋ ਗਈ, ਇਹ ਸੇਕ ਉਸੇ ਅੱਗ ਦਾ ਹੈ।

ਬੇਸ਼ਕ ਫ਼ਰਜ਼ਾਂ ਗ਼ਰਜ਼ਾਂ ਦੇ, ਵਿਚ ਮੋਹ ਦੇ ਧਾਗੇ ਉਲਝੇ ਨੇ,
ਪਰ, ਮੇਰੇ ਤਾਂ ਦਿਲ ਵਿਚ ਅੱਜ ਵੀ, ਪ੍ਰੇਮ ਦਾ ਦਰਿਆ ਵਗਦਾ ਹੈ।

'ਜੀਤ' ਦੇ ਸਾਰੇ ਚਾਅ ਤੇ ਰੀਝਾਂ, ਤੇਰੇ ਨਾਂ 'ਤੇ ਮੌਲ ਰਹੇ,
ਉਸ ਦੀ ਚੁੰਨੀ ਵਿਚ ਵੀ ਢੋਲਾ, ਹਰ ਰੰਗ ਤੇਰੀ ਪੱਗ ਦਾ ਹੈ।

◈◈◈

## 89.

ਤੇਰੇ ਵਰਗੇ ਹੋ ਜਾਵਣ ਦੀ ਚਾਹਤ ਹੈ।
ਸ਼ਾਇਦ, ਮੈਨੂੰ ਤੇਰੇ ਨਾਲ ਮੁਹੱਬਤ ਹੈ।

ਕਿਹੜੀ ਗੱਲ, ਜੋ ਤੇਰੇ ਵੱਲ ਨੂੰ ਖਿੱਚਦੀ ਏ?
ਮੈਂ ਓਸੇ ਦੀ ਕਰਨੀ ਬੱਸ ਸ਼ਨਾਖ਼ਤ ਹੈ।

ਸੁਫ਼ਨੇ ਵਰਗਾ ਸੱਚ ਜੋ ਤੇਰਾ ਮਾਣ ਲਿਆ,
ਮੇਰੇ ਹਰ ਸੁਫ਼ਨੇ ਵਿਚ ਤੇਰੀ ਸੰਗਤ ਹੈ।

ਫੁੱਲਾਂ ਵਰਗੀ ਰੰਗਤ ਨੈਣਾਂ ਵਿਚ ਭਰ ਕੇ,
ਤੇਰੀ ਯਾਦ ਵੀ ਕਰਦੀ ਨਿੱਤ ਸ਼ਰਾਰਤ ਹੈ।

ਇਕ ਤੱਕਣੀ ਨੇ ਬੀਜ ਮੁਹੱਬਤ ਦੇ ਬੀਜੇ,
ਤਾਂ ਹੀ ਮੇਰੇ ਬੋਲਾਂ ਵਿਚ ਨਜ਼ਾਕਤ ਹੈ।

ਮੈਂ ਸਾਹਾਂ 'ਤੇ ਲਿਖਿਆ ਤੇਰਾ ਨਾਂ ਹੋਇਆ,
ਐਪਰ, ਇਹ ਝੂਠੀ ਸਾਹਾਂ ਦੀ ਅਦਾਲਤ ਹੈ।

ਉਸ ਨੇ ਜਿੱਦਣ ਤੋਂ ਹੈ ਗੁੱਸਾ ਮਾਰ ਲਿਆ,
ਹਰ ਥਾਂ ਮਿਲਦੀ ਉਸ ਨੂੰ 'ਜੀਤ' ਸ਼ਰਾਫ਼ਤ ਹੈ।

◈◈◈

**90.**

ਗ਼ੁਲਾਮੀ ਤੋਂ ਆਜ਼ਾਦੀ ਵੱਲ ਨੂੰ ਵਹਿਣਾ ਜ਼ਰੂਰੀ ਹੈ।
ਤੇ ਜ਼ੁਲਮੀ ਰਾਜ ਦੇ ਕਿਲ੍ਹਿਆਂ ਦਾ ਵੀ ਢਹਿਣਾ ਜ਼ਰੂਰੀ ਹੈ।

ਬੜਾ ਟਰਕਾ ਲਿਆ ਸਾਨੂੰ ਬੜਾ ਧਮਕਾ ਲਿਆ ਸਾਨੂੰ,
ਡਰਾਵੇ ਧਮਕੀਆਂ ਦੇ ਨਾਲ ਹੁਣ ਖਹਿਣਾ ਜ਼ਰੂਰੀ ਹੈ।

ਕਰਾਂਗੇ ਹੋਰ ਕਿੰਨਾ ਚਿਰ, ਨਜ਼ਰ ਅੰਦਾਜ਼ ਇਹ ਦੱਸੋ?
ਅਸਾਡੀ ਜ਼ਿਹਨ ਵਿਚ ਗ਼ੈਰਤ, ਦਾ ਵੀ ਰਹਿਣਾ ਜ਼ਰੂਰੀ ਹੈ।

ਕਦੇ ਰਸਮੀ ਜਿਹੇ ਹੋ ਕੇ, ਨਿਭੇ ਨਾ ਸਾਂਝ ਰੂਹਾਂ ਦੀ,
ਤੁਹਾਨੂੰ ਆਪ ਤੋਂ ਤੈਨੂੰ, ਤੇ ਤੂੰ ਕਹਿਣਾ ਜ਼ਰੂਰੀ ਹੈ।

ਮੇਰੀ ਜੰਨਤ ਜਿਹੀ ਧਰਤੀ, ’ਤੇ ਕਿਸ ਦਹਿਸ਼ਤ ਵਿਛਾਈ ਏ?
ਬੇ-ਅਦਬੀ ਅਦਬ ਦੀ ਕਰਨਾ, ਤੇ ਨਾ ਸਹਿਣਾ ਜ਼ਰੂਰੀ ਹੈ।

ਭੁਲਾ ਕੇ ਖੋਟ ਦਿਲ ਵਾਲੇ, ਚਲੋ ਸਾਂਝਾਂ ਦੀ ਗੱਲ ਕਰੀਏ,
ਨਵਾਂ ਚੜ੍ਹਿਆ, ਪੁਰਾਣਾ ‘ਜੀਤ’ ਹੁਣ ਲਹਿਣਾ ਜ਼ਰੂਰੀ ਹੈ।

◈◈◈



**91.**

ਪੀੜਾ ਨੂੰ ਸਹਿਲਾ ਕੇ ਰੱਖੀਂ, ਦਿਲ ਦਾ ਦਰਦ ਦਬਾ ਕੇ ਰੱਖੀਂ।
ਨਿੱਤ ਚੁਭੋਵੇ ਤਨਜ਼ ਦੇ ਨਸ਼ਤਰ, ਜੱਗ ਤੋਂ ਜ਼ਖ਼ਮ ਛੁਪਾ ਕੇ ਰੱਖੀਂ।

ਰਾਤ ਅਮਾਵਸ ਵਾਲੀ ਛਾਈ, ਕਿਰਨਾਂ ਨੂੰ ਮਹਿਕਾ ਕੇ ਰੱਖੀਂ।
ਬੇਸ਼ੱਕ ਨੈਣਾਂ ਵਿਚ ਉਦਾਸੀ, ਹੋਠਾਂ ਤੋਂ ਮੁਸਕਾ ਕੇ ਰੱਖੀਂ।

ਮੂੰਹ ਦੇ ਮਿੱਠੇ ਬਣ ਕੇ ਠੱਗਣ, ਆਪਣਾ ਆਪ ਬਚਾ ਕੇ ਰੱਖੀਂ।
ਦੀਵੇ ਦਾ ਕੰਮ ਨੇਰ੍ਹ ਨਾ ਲੜਨਾ, ਸੱਚ ਨੂੰ ਸੱਚ ਸੁਣਾ ਕੇ ਰੱਖੀਂ।

ਮੁਸ਼ਕਿਲ ਨੇ ਵੀ ਆਉਣਾ ਜਾਣਾ, ਮੁਸ਼ਕਿਲ ਨਾਲ ਨਿਭਾ ਕੇ ਰੱਖੀਂ।
ਮਨ ਦੀ ਬੁਲਬੁਲ ਚੋਗਾ ਭਾਲ਼ੇ, ਚੋਗ ਤਲੀ ’ਤੇ ਪਾ ਕੇ ਰੱਖੀਂ।

ਸੌਖੀ ਨਹੀਓਂ ਦੁਨੀਆਂਦਾਰੀ, ਆਪਣਾ ਹੱਕ ਜਤਾ ਕੇ ਰੱਖੀਂ।
ਆਸ ਦੇ ਬੂਟੇ ਸੁੱਕ ਨਾ ਜਾਵਣ, ਪ੍ਰੇਮ ਦੇ ਬੱਦਲ ਵਾਹ ਕੇ ਰੱਖੀਂ।

ਦਸਤਕ ਦੇਂਦੇ ਹਰਫ਼ ਗਠੀਲੇ, ਹਰਫ਼ਾਂ ਨੂੰ ਟੁਣਕਾਂ ਕੇ ਰੱਖੀਂ।
‘ਜੀਤ’ ਗ਼ਜ਼ਲ ਮੁਟਿਆਰ ਹੋਈ ਏ, ਧੀ ਵਾਂਗੂੰ ਸਮਝਾ ਕੇ ਰੱਖੀਂ।

◈◈◈

## 92.

ਕਦੇ ਬਿਨ ਗੱਲ ਤੋਂ ਬੋਲੇ, ਕਦੇ ਚੁੱਪ-ਚਾਪ ਹੋ ਜਾਂਦੈ।
ਇਹ ਤੇਰਾ ਇਸ਼ਕ ਮੇਰੇ ਲਈ, ਬੜਾ ਸੰਤਾਪ ਹੋ ਜਾਂਦੈ।

ਰੁਝੇਵੇਂ ਵੱਧ ਗਏ ਕਹਿ ਕੇ, ਨਜ਼ਰਅੰਦਾਜ਼ ਕਰਦਾ ਏ,
ਕਦੇ ਤਾਂ ਸੋਚਦਾ ਹੋਣੈ, ਕਿਵੇਂ ਇਹ ਪਾਪ ਹੋ ਜਾਂਦੈ।

ਸਮਾਜੀ ਘੇਰਿਆਂ ਅੰਦਰ, ਜਦੋਂ ਦਿਲ ਡੋਲ ਜਾਂਦਾ ਏ,
ਤੇਰਾ ਹੀ ਨਾਮ ਮਹਿਰਮ ਜੀ, ਵਫ਼ਾ ਦਾ ਜਾਪ ਹੋ ਜਾਂਦੈ।

ਦੁਆ ਨਾ ਲੱਗਦੀ ਕੋਈ, ਦਵਾ ਵੀ ਅਸਰ ਕਰਦੀ ਨਾ,
ਲਿਆਕਤ ਨੂੰ ਮੁਹੱਬਤ ਦਾ, ਜਦੋਂ ਫਿਰ ਤਾਪ ਹੋ ਜਾਂਦੈ।

ਕਰੀ ਹੈ ਓਸ ਨੇ ਕਿਰਪਾ, ਜੋ ਕਿਰਚਾਂ ਚੁਗਦਿਆਂ ਲੰਘੀ,
ਜੇ ਤੂੰ ਨਾ ਟੁੱਟਿਆ ਹੁੰਦਾ, ਦਿਲਾ! ਇਕਲਾਪ ਹੋ ਜਾਂਦੈ।

ਜੋ ਗਿਰ ਕੇ ਆਪਣੀ ਨਜ਼ਰੋਂ, ਹੀ ਜੀਣਾ ਆ ਗਿਆ ਤੈਨੂੰ,
ਤਾਂ ਫਿਰ ਇਹ ਪੰਧ ਜੀਵਨ ਦਾ, ਵੀ ਸੌਖਾ ਨਾਪ ਹੋ ਜਾਂਦੈ।

ਖ਼ਰੇ ਕਿਉਂ ਫ਼ਲਸਫ਼ਾ ਇਹ 'ਜੀਤ' ਮੈਨੂੰ ਸਮਝ ਨਾ ਆਵੇ,
ਪਰਾਈ ਧੀ ਜਦੋਂ ਹੋਜੇ, ਤਾਂ ਬੁੱਢਾ ਬਾਪ ਹੋ ਜਾਂਦੈ।

◈◈◈

## 93.

ਕਾਲੀਆਂ ਰਾਤਾਂ 'ਚ ਦੀਵਾ ਬਾਲ ਰੱਖਦੀ ਹਾਂ।
ਭਰਮ ਤੇਰੇ ਆਉਣ ਦਾ ਮੈਂ ਪਾਲ ਰੱਖਦੀ ਹਾਂ।

ਹਿਜਰ ਦੇ ਰਾਹੀਂ ਬੜੇ ਹੀ ਰੋੜ ਚੁੱਭਦੇ ਨੇ,
ਇਸ ਲਈ ਕਦਮਾਂ ਦੀ ਧੀਮੀ ਚਾਲ ਰੱਖਦੀ ਹਾਂ।

ਪਿਆਰ ਦੀ ਗੁੱਡੀ 'ਤੇ ਤੇਰਾ ਨਾਮ ਲਿਖਿਆ ਹੈ,
ਡੋਰ, ਰੀਝਾਂ ਦੀ ਵੀ ਇਸ ਦੇ ਨਾਲ ਰੱਖਦੀ ਹਾਂ।

ਜ਼ਿਹਨ ਮੇਰੇ 'ਤੇ ਹੀ ਕਾਬਜ਼ ਹੋ ਨਾ ਜਾਵਣ ਹੁਣ,
ਕਾਫ਼ਲਾ ਸੋਚਾਂ ਦਾ ਤਾਂ ਹੀ ਟਾਲ ਰੱਖਦੀ ਹਾਂ।

ਕਾਸ਼! ਤੂੰ ਇਹਨਾਂ 'ਚ ਆ ਕੇ ਉਂਗਲੀਆਂ ਫੇਰੇਂ,
ਤੇਰੀਆਂ ਯਾਦਾਂ 'ਚ ਖੁੱਲ੍ਹੇ, ਵਾਲ ਰੱਖਦੀ ਹਾਂ।

ਇਸ਼ਕ ਤੇਰੇ 'ਚੋਂ ਮੈਂ ਤੇਰਾ ਨਾਂ ਕਮਾਇਆ ਹੈ,
ਕੈਦ ਕਰਕੇ ਹੁਸਨ ਦਾ ਹਰ ਸਾਲ ਰੱਖਦੀ ਹਾਂ।

ਮਿਲਨ ਤੇਰਾ ਤਾਂ ਏਂ ਜਿੱਦਾਂ ਖ਼ਾਬ ਵਿਚ ਮਿਲਣਾ,
ਮੈਂ ਹਕੀਕਤ ਖ਼ਾਬ ਵਿਚ ਹੀ ਭਾਲ ਰੱਖਦੀ ਹਾਂ।

'ਜੀਤ' ਮੇਰੇ ਪੈਰ ਨੱਚਣਾ ਭੁੱਲ ਨਾ ਜਾਵਣ,
ਤਾਂ ਹੀ ਰੂਹ 'ਚੋਂ ਛੋਹ ਕੇ ਸੁੱਚੀ ਤਾਲ ਰੱਖਦੀ ਹਾਂ।

◈◈◈

## 94.

ਉਹ ਚੰਨ ਦੇ ਓਹਲੇ ਬਹਿਕੇ, ਸਿਰਨਾਵਾਂ ਭਾਲ ਰਹੀ ਏ।
ਇਕ ਕਾਲੀ ਰਾਤ ਦੀ ਜਾਈ, ਪਰਛਾਵਾਂ ਭਾਲ ਰਹੀ ਏ।

ਪੈਰਾਂ ਦੇ ਵਿਚ ਪਾ ਕੇ ਸਾਰਾ, ਤਾਰਾ-ਮੰਡਲ ਗਾਹ ਆਊ,
ਸੁਣਿਆ, ਇਕ ਸ਼ਹਿਜ਼ਾਦੀ ਅੱਜ ਖੜਾਵਾਂ ਭਾਲ ਰਹੀ ਏ।

ਇਹ ਜੋ ਆਸ ਦੀ ਮਮਟੀ ਉੱਤੇ, ਨਿੱਤ ਚੌਮੁਖੀਆ ਧਰਦੀ,
ਇਕ ਤਿਰਹਾਈ ਪੌਣ ਵੀ, ਤਰਲ ਹਵਾਵਾਂ ਭਾਲ ਰਹੀ ਏ।

ਸੱਧਰਾਂ ਦੇ ਹਰ ਬੂਟੇ ਨੂੰ, ਲੱਗਦੇ ਰਹਿਣ ਗੁਲਾਬ ਸਦਾ,
ਜੀਵਨ ਦੀ ਹਰ ਧੁੱਪ ਹੀ, ਏਥੇ ਛਾਵਾਂ ਭਾਲ ਰਹੀ ਏ।

ਇਕ-ਇਕ ਕਰਕੇ ਉਡ ਗਈਆਂ, ਨੇ ਜੋ ਉਹਦੇ ਭਾਗ ਦੀਆਂ,
ਇਕ ਪਰਦੇਸਣ ਆਪਣਾ, ਦੇਸ਼-ਦੁਆਵਾਂ ਭਾਲ ਰਹੀ ਏ।

ਬੇਸ਼ਕ ਰਾਤ ਦਾ ਨੇਰ੍ਹਾ, ਰੋਜ਼ ਸਵੇਰਾ ਲੈ ਆਉਂਦਾ ਹੈ,
ਪਰ, ਉਹ ਰਾਤ ਦੀਆਂ ਖੁੰਝੀਆਂ, ਰਾਹਵਾਂ ਭਾਲ ਰਹੀ ਏ।

ਹੁਣ ਮਹਿਰਮ ਦੇ ਹੋਠਾਂ ਉੱਤੇ, ਮੈਂ ਕੋਈ ਸਾਜ਼ ਬਣਾਂ,
ਤੇਰੀ 'ਜੀਤ' ਵੀ ਤਾਂ ਹੀ, ਸ਼ੋਖ ਸਜ਼ਾਵਾਂ ਭਾਲ ਰਹੀ ਏ।

◈◈◈



## 95.

ਸੀਨੇ ਦੇ ਵਿਚ ਪੀੜਾਂ ਭੁੱਜਣ, ਜਿੱਦਾਂ ਭੱਠੀ ਦਾਣੇ।
ਸੱਜੇ ਖੱਬੇ ਪੀੜਾਂ ਮੇਰੇ, ਵਿਲਕਣ ਬੈਠ ਸਿਰਹਾਣੇ।

ਸੂਲ਼ਾਂ ਵਾਂਗਰ ਚੁੱਭਣ ਮੈਨੂੰ, ਜ਼ਿਹਨ 'ਚ ਪਾਉਣ ਦੁਹਾਈ,
ਸੋਚਾਂ ਨਾ ਹੁਣ ਠੱਲ੍ਹੀਆਂ ਜਾਵਣ, ਨਾ ਹੀ ਸੁਰਤ ਟਿਕਾਣੇ।

ਤਿਖੜ ਦੁਪਹਿਰੇ ਹੀ ਸਫ਼ਰ ਦੀ, ਵਾਟ ਲਮੇਰੀ ਹੋਈ,
ਸਾਡੀ ਕਿਸਮਤ ਵਿੱਚ ਲਿਖੇ ਨੇ, ਹਾਲੇ ਠੇਡੇ ਖਾਣੇ।

ਐਵੇਂ ਰੱਖ ਉਮੀਦਾਂ ਬੈਠਾ, ਮੇਰਾ ਦਿਲ ਵੀ ਝੱਲਾ,
ਖੋਹ ਖ਼ੁਸ਼ੀਆਂ ਦੇ ਵਸਤਰ, ਲੋਕੀ ਦੇਣ ਉਦਾਸੇ ਬਾਣੇ।

ਰੂਹ ਨੂੰ ਫੀਤਾ-ਫੀਤਾ ਕਰ ਗਈ, ਇਕ ਰੂਹ ਐਸੀ ਵਿੱਛੜੀ,
ਮੁੜ ਰੂਹਾਂ ਦੇ ਮੇਲ ਨਾ ਹੋਏ, ਨਾ ਕੋਈ ਦਰਦ ਪਛਾਣੇ।

ਸਾਗਰ ਦੇ ਗਲ਼ ਲੱਗ ਕੇ ਰੋਵੇ, ਦੂਰ ਕਿਤੇ ਬਦਲੋਟੀ,
ਆਖ ਹਵਾਵਾਂ ਆਈਆਂ ਨੂੰ, ਮੈਂ ਹੁਣ ਨਾ ਹਿਜਰ ਹੰਢਾਣੇ।

ਕੱਲੇ ਬਹਿਕੇ ਜਦ ਵੀ 'ਜੀਤ' ਨੇ ਯਾਦ ਦੇ ਪੰਨੇ ਪਲਟੇ,
ਆਪਮੁਹਾਰੇ, ਸਫ਼ਿਆਂ ਉੱਪਰ, ਡੁੱਲ੍ਹੇ ਹੰਝ ਨਿਮਾਣੇ।

◈◈◈

## 96.

ਸਾਡੀ ਹਸਤੀ ਤਲਵਾਰ ਦੇ ਵਰਗੀ ਏ।
ਦਿੱਲੀਏ! ਤੇਰੀ ਹੋਂਦ ਸ਼ਿਕਾਰ ਦੇ ਵਰਗੀ ਏ।

ਚਾਰੇ ਪਾਸੇ ਹੁਣ ਜੋ ਰੌਣਕ ਲੱਗੀ ਹੈ,
ਇਹ ਨਾ ਸਮਝ ਲਵੀਂ ਸਰਕਾਰ ਦੇ ਵਰਗੀ ਏ।

ਤੇਰੀ ਕਾਰ-ਗੁਜ਼ਾਰੀ ਦੇ ਦੋ ਕਿੱਸੇ ਨੇ,
ਇਹ ਬਦਨੀਅਤ ਜਾਂ ਬਦਕਾਰ ਦੇ ਵਰਗੀ ਏ।

ਤੇਰੇ ਰਾਜ ਨੇ ਘੜ ਦਿੱਤਾ ਜਿਸ ਨੀਤੀ ਨੂੰ,
ਉਹ ਤੈਨੂੰ, ਮਾਰੂ ਹਥਿਆਰ ਦੇ ਵਰਗੀ ਏ।

ਹੁਣ ਨਾ ਲੱਗਣੇ ਪਹਿਰੇ ਸਾਡੇ ਸੱਚ ਉੱਤੇ,
ਕੌਮ ਜੋ ਜਾਗੀ ਪਹਿਰੇਦਾਰ ਦੇ ਵਰਗੀ ਏ।

ਸਾਡੀ ਚੁੱਪ ਦੇ ਅਰਥ ਕਰੀਂ ਕਮਜ਼ੋਰੀ ਨਾ,
ਸਾਡੀ ਚੁੱਪ ਵੀ ਇਕ ਲਲਕਾਰ ਦੇ ਵਰਗੀ ਏ।

ਇਹਦੇ ਵਿੱਚੋਂ ਸੁੱਟਣਾ ਕੱਢ ਨਦੀਣਾਂ ਨੂੰ,
ਜੱਟ ਨੂੰ ਫ਼ਸਲ ਤਾਂ ਪਹਿਲੇ ਪਿਆਰ ਦੇ ਵਰਗੀ ਏ।

ਘੱਟ ਗਿਣਤੀ ਦੇ ਕਹਿਕੇ 'ਜੀਤ' ਲਿਤਾੜ ਲਿਆ,
ਕੌਮ ਜੋ ਅਸਲੀ ਦਾਅਵੇਦਾਰ ਦੇ ਵਰਗੀ ਏ।

◈◈◈

## 97.

ਉਹ ਕਾਤਲ ਆਪਣੇ ਚਿਹਰੇ, ਇਵੇਂ ਫਿਰਦੇ ਛੁਪਾਉਂਦੇ ਨੇ।
ਅਸਾਡੇ ਖੋਭ ਕੇ ਖ਼ੰਜਰ, ਅਮਨ ਦੇ ਗੀਤ ਗਾਉਂਦੇ ਨੇ।

ਅਲਾਪੇ ਸੁਰ ਜਦੋਂ ਬਾਗ਼ੀ, ਤਾਂ ਹੋਣਾ ਸ਼ੋਰ ਵੀ ਹੁੰਦੈ,
ਕਿ ਗੂੰਗੀ ਚੁੱਪ ਤਾਈਂ ਵੀ, ਤਾਂ ਲੋਕੀਂ ਵਰਗਲਾਉਂਦੇ ਨੇ।

ਰਿਵਾਇਤ ਇਸ਼ਕ ਦੀ ਕੈਸੀ? ਜੋ ਹਰ ਕੇ ਜਿੱਤ ਹੁੰਦੀ ਹੈ,
ਜਦੋਂ ਪਰ ਹਾਰੀਏ ਜੰਗਾਂ, ਖ਼ੁਸ਼ੀ ਦੁਸ਼ਮਣ ਮਨਾਉਂਦੇ ਨੇ।

ਹਕੂਮਤ ਹਾਕਮਾਂ ਤੇਰੀ, ਵੀ ਬਸ ਇਕ ਭਰਮ ਹੀ ਤਾਂ ਹੈ,
ਕਿ ਤਖਤੋਂ ਲਾਹ ਵੀ ਲੈਂਦੇ ਨੇ, ਜੋ ਤਖ਼ਤਾਂ ਤੇ ਬਿਠਾਉਂਦੇ ਨੇ।

ਕੁਰਾਹੇ ਪੈ ਗਿਆ ਕਹਿਕੇ "ਮੈਂ ਮੰਜ਼ਿਲ ਲੱਭ ਲਊਂ ਆਪੇ",
ਕੀ ਜਾਣੇ ਉਹ 'ਭਲਾ' ਰਾਹੀ, ਕਿ ਕਿੰਨੇ ਮੋੜ ਆਉਂਦੇ ਨੇ।

ਲੜਾਈ ਹੋਂਦ ਆਪਣੀ ਦੀ, ਤਾਂ ਲੜਦੇ ਜੀਵ ਜੰਤੂ ਵੀ,
ਕਦੇ ਤੂੰ ਗ਼ੌਰ ਨਾ' ਦੇਖੀਂ, ਕਿਵੇਂ ਜੋਖ਼ਮ ਉਠਾਉਂਦੇ ਨੇ।

ਜੋ ਹਾਮੀ ਸੱਚ ਦੀ ਭਰਦੇ, ਦਿਲਾਂ ਵਿਚ ਡਰ ਨਹੀਂ ਹੁੰਦਾ,
ਤੇ ਲੈ ਕੇ ਓਟ ਪੈਂਤੀ ਦੀ, ਕਲਮ ਸ਼ਾਇਰ ਉਠਾਉਂਦੇ ਨੇ।

ਸਤਹ ਨੂੰ ਚੁੰਮਣੇ ਦਾ 'ਜੀਤ', ਚੜ੍ਹਿਆ ਝੱਲ ਜਿਹਨਾਂ ਨੂੰ,
ਉਹ ਸਾਗਰ ਬੰਨ੍ਹ ਕੇ ਟਾਕੀ, 'ਚ ਮੋਤੀ ਚੁਗ ਲਿਆਉਂਦੇ ਨੇ।

◈◈◈

**98.**

ਜੀਵਨ ਖ਼ਲਾਅ ਦੇ ਨਾਲ ਭਰ, ਜਾਇਆ ਕਰੇਗਾ ਬਾਬਲਾ।
ਤੇਰੇ ਬਿਨਾਂ ਘਰ ਖਾਣ ਨੂੰ, ਆਇਆ ਕਰੇਗਾ ਬਾਬਲਾ।

ਤੂੰ ਤੁਰ ਗਿਓਂ ਉਸ ਦੇਸ਼ ਨੂੰ, ਜਿੱਥੋਂ ਨਾ ਹੁੰਦੀ ਵਾਪਸੀ,
ਨਜ਼ਰਾਂ ਦਾ ਜੋੜਾ ਟਿਕਟਿਕੀ, ਲਾਇਆ ਕਰੇਗਾ ਬਾਬਲਾ।

ਜਦ ਘਰਦਿਆਂ ਵਿਚ ਬੈਠਕੇ, ਯਾਦਾਂ ਦੇ ਕੁੱਟੂੰ ਚੂਰਮੇ,
ਮਨ ਹੱਸਦਿਆਂ ਦਾ ਵੀ ਭਰ, ਜਾਇਆ ਕਰੇਗਾ ਬਾਬਲਾ।

ਕੁੜੀਆਂ ਉਡੀਕਣ ਪੇਕਿਆਂ, ਵੱਲੋਂ ਹਵਾ ਠੰਢੀ ਹਮੇਸ਼,
ਝੌਂਕਾ ਗਰਮ ਹੁਣ ਪੌਣ ਦਾ, ਤਾਇਆ ਕਰੇਗਾ ਬਾਬਲਾ।

ਅਕਸਰ ਸੁਨੇਹੇ ਆਣ ਕੇ, ਦਿੰਦਾ ਰਿਹਾ ਜਿਹੜਾ, ਮਗਰ
ਕਾਂ, ਮੁੜ ਬਨੇਰੇ ’ਤੇ ਨਾ ਹੁਣ, ਗਾਇਆ ਕਰੇਗਾ ਬਾਬਲਾ।

ਮਜ਼ਬੂਰੀਆਂ ਤੇ ਦੂਰੀਆਂ ਦਾ, ਕਿਸ ਤਰ੍ਹਾਂ ਦਾ ਦੌਰ ਹੈ,
ਝੋਰਾ ਅਖੀਰੀ ਵਕਤ ਦਾ, ਖਾਇਆ ਕਰੇਗਾ ਬਾਬਲਾ।

ਸਾਡੇ ਸਿਰਾਂ ਤੋਂ ਖੁੱਸੀਆਂ, ਛਾਵਾਂ ਜਦੋਂ, ਉਸ ਦੇਖੀਆਂ,
ਸੂਰਜ ਵੀ ਤਪ ਕੇ ਪੀੜ ’ਚ, ਜਾਇਆ ਕਰੇਗਾ ਬਾਬਲਾ।

ਇਹ ਜਾਣਦੇ ਹੋਏ ਵੀ, ਕਿ ਤੇਰੇ ਬਿਨਾਂ ਸੁੰਨਾ ਦਿਸੂ,
ਮਨ ‘ਜੀਤ’ ਦਾ ਪੰਜਾਬ ਨੂੰ, ਆਇਆ ਕਰੇਗਾ ਬਾਬਲਾ।

◈◈◈



**99.**

ਝਾਂਜਰ ਦੇ ਗੀਤ ਜਦ ਵੀ, ਰਾਹੀ ਖਲੋ ਕੇ ਸੁਣਦੇ।
ਸੋਚਾਂ ਦੇ ਅੰਬਰਾਂ ’ਤੇ, ਮੇਰਾ ਹੀ ਨਾਮ ਖੁਣਦੇ।

ਮੇਰੇ ਹੀ ਨਾਂ ਦੇ ਅੱਖਰ, ਤੇਰੇ ਲਬਾਂ ਦੇ ਜੱਚਣ,
ਤੇਰੇ ਇਹ ਨੈਣ ਕਾਹਤੋਂ? ਗ਼ੈਰਾਂ ਦੇ ਖ਼ਾਬ ਬੁਣਦੇ।

ਵਿਰਲਾ ਹੀ ਜੱਗ ਉੱਤੇ, ਨੀਤੋਂ ਹੈ ਸਾਫ਼ ਹੁੰਦਾ,
ਐਪਰ, ਖ਼ਤਾ ਨਾ ਖਾਂਦੇ, ਆਪਣੀ ਜੋ ਨੀਤ ਪੁਣਦੇ।

ਉਸ ਤੋਂ ਵਫ਼ਾ ਨਾ ਹੋਣੀ, ਆਪਣੇ ਵੀ ਨਾਲ਼ ਦੇਖੀਂ,
ਕਾਬਜ਼ ਨੇ ਸੋਚ ’ਤੇ ਜੇ, ਖਾਧੇ ਖ਼ਿਆਲ ਘੁਣ ਦੇ।

ਸਭ ਦੇ ਹੀ ਭਾਗ ਵਿਚ ਨਾ, ਰਾਤਾਂ ਨੂੰ ਮਾਨਣਾ ਹੈ,
ਆਸ਼ਕ ਤੇ ਚੋਰ ਸ਼ਾਇਰ, ਵੱਖਰਾ ਮਿਜ਼ਾਜ ਚੁਣਦੇ।

ਮੇਰੇ ਤੋਂ ਪੁਣ ਨਾ ਹੋਣਾ, ਸਾਗਰ ਦੇ ਪਾਣੀਆਂ ਨੂੰ,
ਗਾਗਰ ਦੇ ਵਿਚ ਸਾਗਰ, ਭਰਨੇ ਦਾ ਹੀ ਤੂੰ ਗੁਣ ਦੇ।

ਵਿਹਲੇ ਹਾਂ ਏਸ ਹੱਦ ਕਿ, ਮਿਲਣੇ ਦੀ ਵਿਹਲ ਹੈਨੀ,
ਕੁਦਰਤ ਨੇ ‘ਜੀਤ’ ਇਹ ਕੀ, ਕਰਤੇ ਹਲਾਤ ਹੁਣ ਦੇ।

◈◈◈

## 100.

ਰੀਝਾਂ ਨਾਲ ਬਿਤਾਏ ਕੁਝ ਪਲ, ਯਾਦਾਂ ਦੇ ਸਰਮਾਏ ਕੁਝ ਪਲ।
ਇਹ ਸਾਹਾਂ ਦਾ ਸਿਮਰਨ ਹੁੰਦੈ, ਸਾਹਾਂ ਵਿਚ ਸਮਾਏ ਕੁਝ ਪਲ।

ਫਿਰ ਤੋਂ ਮੁੜ ਕੇ ਆ ਜਾਂਦੇ ਨੇ, ਸਾਡੇ ਆਪ ਬੁਲਾਏ ਕੁਝ ਪਲ।
ਬੇ-ਪਰਵਾਹੇ ਬਚਪਨ ਵਾਲੇ, ਉਹ ਨਾ ਜਾਣ ਭੁਲਾਏ ਕੁਝ ਪਲ।

ਸਦੀਆਂ ਜਿੱਡੇ ਹੋ ਜਾਂਦੇ ਨੇ, ਤੇਗ਼ ਦੀ ਧਾਰ ਕਮਾਏ ਕੁਝ ਪਲ।
ਹਾਲੇ ਤੱਕ ਵੀ ਮਹਿਮਾ ਹੋਵੇ, ਸੱਥਰੀਂ ਰਹਿਣ ਵਿਛਾਏ ਕੁਝ ਪਲ।

ਡੁੱਲ੍ਹਾ ਖ਼ੂਨ ਸ਼ਹੀਦਾਂ ਦਾ ਤਾਂ, ਪੌਣਾਂ ਨੇ ਮਹਿਕਾਏ ਕੁਝ ਪਲ।
ਧਰਤੀ ਠੰਢੀ ਦੇਖ ਨਾ ਹੋਈ, ਸੂਰਜ ਨੇ ਗਰਮਾਏ ਕੁਝ ਪਲ।

ਮੰਨੂੰ ਨੇ ਸੀ ਆਹੂ ਲਾਹੇ, ਫਿਰ ਵੀ ਨਾ ਘਬਰਾਏ ਕੁਝ ਪਲ।
ਦੇਗਾਂ ਦੇ ਵਿਚ ਉੱਬਲੇ ਸੀ ਕੁਝ, ਆਰੇ 'ਤੇ ਮੁਸਕਾਏ ਕੁਝ ਪਲ।

ਤੇਰੇ ਰਾਹ ਵਿਚ ਨਜ਼ਰਾਂ ਵਿਛੀਆਂ, ਨੈਣਾਂ ਵਿਚ ਪਥਰਾਏ ਕੁਝ ਪਲ।
ਤੇਰੀ ਯਾਦ ਦਾ ਨਗ਼ਮਾ ਗਾ ਕੇ, ਮੈਂ ਅਕਸਰ ਬਹਿਲਾਏ ਕੁਝ ਪਲ।

ਇਕ ਵਾਰੀ ਜੋ ਡਿੱਗੇ ਹੱਥੋਂ, ਹੱਥ ਕਦੇ ਨਾ ਆਏ ਕੁਝ ਪਲ।
ਕਦਰ ਕਰੀਂ ਤੂੰ 'ਜੀਤ' ਇਨ੍ਹਾਂ ਦੀ, ਤੇਰੇ ਨੇ ਹਮਸਾਏ ਕੁਝ ਪਲ।

◈◈◈



## 101.

ਭੁੱਲਣ ਕਦੇ ਨਾ ਦੋਸਤੋ, ਬਚਪਨ ਦੀਆਂ ਜੋ ਮਸਤੀਆਂ।
ਮੈਂ ਜਿੰਦ ਦੇ ਕੇ ਲੈ ਲਵਾਂ, ਤੇ ਫੇਰ ਵੀ ਇਹ ਸਸਤੀਆਂ।

ਮੈਂ ਬਾਬੁਲੇ ਦੇ ਘਰ 'ਚ ਤਾਂ, ਸਿਰਜੇ ਸੁਨਹਿਰੀ ਖ਼ਾਬ ਸੀ,
ਪਰ ਮੁੜ ਕਦੇ ਨਾ ਲੱਭੀਆਂ, ਖਾਬਾਂ ਦੇ ਜਿਹੀਆਂ ਹਸਤੀਆਂ।

ਪੀਂਘਾਂ? ਹੁਲਾਰੇ ਦਿੰਦੀਆਂ, ਸਖ਼ੀਆਂ ਦਾ ਕਿੱਥੇ ਪੂਰ ਹੈ?
ਹਾੜ੍ਹਾ ਕਿਤੋਂ ਲੱਭੋ ਕੋਈ, ਕਿੱਥੇ ਨੇ ਉਹ ਖ਼ਰਮਸਤੀਆਂ?

ਆਗੂ ਵੀ ਉਹ ਕਾਹਦਾ ਹੈ, ਆਗੂ ਦੱਸ ਜਨਤਾ ਦੇ ਲਈ,
ਪੂਰਾ ਹੈ ਜੋ ਬੱਸ ਭਾਸ਼ਣਾਂ ਵਿਚ, ਸੋਚ ਵਿਚ ਹਨ ਬਸਤੀਆਂ।

ਰਿਸ਼ਤੇ ਵੀ ਤਾਂ ਬੇਰੰਗ ਨੇ, ਰੰਗਾਂ ਦੀ ਕਾਹਤੋਂ ਥੋੜ੍ਹ ਹੈ?
ਲੋਕਾਂ ਦੀਆ ਸੋਚਾਂ ਵੀ ਕਾਹਤੋਂ? ਹੋਣ ਲੱਗੀਆਂ ਖ਼ਸਤੀਆਂ।

ਪੱਤਣ 'ਤੇ ਵੀ, ਪਤਵਾਰ ਜੋ ਗੱਲਾਂ ਹੀ ਕਰਦੇ ਰਹਿਣ ਹੁਣ,
ਐਪਰ, ਤੂਫ਼ਾਨਾਂ ਵਿਚ ਨਾ, ਠੇਲ੍ਹਣ ਕਦੇ ਵੀ ਕਸ਼ਤੀਆਂ।

ਇਹ ਹਾਕਮਾਂ ਦੀ ਜਾਤ ਕੋਲੇ, ਰਹਿਮ ਨਾ ਜਜ਼ਬਾਤ ਨੇ,
ਤੂੰ 'ਜੀਤ' ਭਾਵੇਂ ਮੋਮਬੱਤੀਆਂ, ਬਾਲ ਜਾਂ ਫੜ ਤਖ਼ਤੀਆਂ।

◈◈◈

## 102.

ਪੌਣ ਵਗੀ ਤੇ ਘਟ ਜਾਵਣਗੇ, ਧੀਰਜ ਧਰ।
ਗ਼ਮ ਦੇ ਬੱਦਲ ਛਟ ਜਾਵਣਗੇ, ਧੀਰਜ ਧਰ।

ਹੋਰ ਨਹੀਂ ਹੁਣ ਜਰਨਾ ਨੇਰ੍ਹਾ ਹਾਕਮ ਦਾ,
ਜੁਗਨੂੰ ਨੇਰ੍ਹਾ ਕਟ ਜਾਵਣਗੇ, ਧੀਰਜ ਧਰ।

ਸੁੱਚੇ ਬੋਲ ਛਪੇ ਨੇ ਜਿਹਨਾਂ ਸਫ਼ਿਆਂ ’ਤੇ,
ਕਾਗਜ਼ ਕਿੱਦਾਂ ਫਟ ਜਾਵਣਗੇ, ਧੀਰਜ ਧਰ।

ਮਿੱਟੀ ਵਿੱਚੋਂ ਪਨਪੇ ਪਰਬਤ ਦੇ ਜਿਗਰੇ,
ਪਰਬਤ ਵਾਂਗੂੰ ਡਟ ਜਾਵਣਗੇ, ਧੀਰਜ ਧਰ।

ਸੀਨੇ ਵਿੱਚੋਂ ਭਾਂਬੜ ਫਿਰ ਤੋਂ ਉੱਠਣਗੇ,
ਤੇ ਮੱਚਦੇ ਲਟ ਲਟ ਜਾਵਣਗੇ, ਧੀਰਜ ਧਰ।

ਭਾਂਤ-ਸੁਭਾਂਤੇ ਫੁੱਲਾਂ ਦੀ ਖ਼ੁਸ਼ਬੂ ਮਹਿਕ ਰਹੀ,
ਬਦਬੂਦਾਰ ਵੀ ਹਟ ਜਾਵਣਗੇ, ਧੀਰਜ ਧਰ।

◈◈◈

## 103.

ਤੇਰੇ ਨਾਂ ਦੀ ਵੱਤੀ ਲਾ ਕੇ, ਦੀਪ ਜਲਾਵਾਂ ਰਾਤਾਂ ਨੂੰ।
ਰਾਤਾਂ ਮੈਨੂੰ ਸੌਣ ਨਾ ਦੇਵਣ, ਮੈਂ ਅਜਮਾਵਾਂ ਰਾਤਾਂ ਨੂੰ।

ਤੇਰੇ ਦਿਲ ਵਰਗਾ ਹੀ ਜ਼ਿੱਦੀ, ਮੇਰਾ ਦਿਲ ਵੀ ਹੋਇਆ ਹੈ,
ਹਾੜ੍ਹੇ, ਤਰਲੇ, ਬੇਨਤੀਆਂ ਕਰ, ਰੋਜ਼ ਮਨਾਵਾਂ ਰਾਤਾਂ ਨੂੰ।

ਧੜਕਣ ਦੇ ਸੰਗੀਤ ’ਚੋਂ ਜਦ ਵੀ, ਤੇਰੇ ਨਾਂ ਦਾ ਸਾਜ਼ ਸੁਣਾਂ,
ਤੇਰੇ ਨਾਲ ਗੁਜ਼ਾਰੇ ਲਮਹੇਂ, ਬਹਿਕੇ ਗਾਵਾਂ ਰਾਤਾਂ ਨੂੰ।

ਜਿਸ ਪਿੱਪਲ ਦੇ ਹੇਠਾਂ ਬਹਿਕੇ, ਨਿੱਘ ਮੁਹੱਬਤ ਦੇ ਮਾਣੇ,
ਮੇਰੇ ਕੋਲੋਂ ਭੁੱਲ ਨਾ ਹੋਵਣ, ਉਹਦੀਆਂ ਛਾਵਾਂ ਰਾਤਾਂ ਨੂੰ।

ਇਕ ਪੱਥਰ ਨੂੰ ਪੱਥਰ ਕਹਿ ਕੇ, ਕਿੱਦਾਂ ਦੱਸ ਤੌਹੀਨ ਕਰਾਂ?
ਏਸੇ ਕਰਕੇ ਫੁੱਲਾਂ ਵਰਗੀ, ਖ਼ੁਦ ਹੋ ਜਾਵਾਂ ਰਾਤਾਂ ਨੂੰ।

ਮੇਰੇ ਚਾਰ-ਚੁਫ਼ੇਰੇ ਹੁਣ, ਵਹਿਮਾਂ ਦੀ ਭਰਮਾਰ ਜਿਹੀ ਏ,
ਮੜ੍ਹੀਆਂ, ਸਾਧ, ਸਮਾਧਾਂ ਮੱਲਣ, ਚਾਰ ਦਿਸ਼ਾਵਾਂ ਰਾਤਾਂ ਨੂੰ।

ਅਣਜਾਣਪੁਣੇ ਵਿਚ ਜਿਸ ਖੰਡਰ, ਨੂੰ ਮੈਂ ਘਰ ਦਾ ਨਾਂ ਦਿੱਤਾ,
ਤੇਰੀ ਯਾਦ ਦਾ ਓਥੇ ਮੰਦਰ, ਰੋਜ਼ ਬਣਾਵਾਂ ਰਾਤਾਂ ਨੂੰ।

ਮੈਂ ਕੌਣ ਤੇ ਕਿੱਥੋਂ ਆਈ ਹਾਂ? ਜਿਸ ਨੂੰ ਹੋਰ ਸੁਣਾਵਾਂਗੀ?
ਬਿਰਤੀ ਦੇ ਵਿਚ ਅਕਸ ਤੇਰਾ, ਹੀ ਨਿੱਤ ਧਿਆਵਾਂ ਰਾਤਾਂ ਨੂੰ।

ਮੇਰੀ ਹੋਂਦ ਦੇ ਉੱਪਰ ਕਰਨਾ, ਤੂੰ ਦੱਸ ‘ਜੀਤ’ ਯਕੀਨ ਕਦੋਂ?
ਮੈਂ ਨੇਰ੍ਹੇ ਨੂੰ ਪਾ ਗਲਵੱਕੜੀ, ਹੋਂਦ ਜਤਾਵਾਂ ਰਾਤਾਂ ਨੂੰ।

◈◈◈

## 104.

ਉਹ ਮਹਿਕਾਂ ਦੀ ਰਾਣੀ ਦੇ, ਖ਼ਬਰੇ ਕੀ ਕੰਨੀਂ ਬੋਲ ਗਿਆ।
ਇਸ ਮਤਵਾਲੀ ਪੌਣ ਦਾ ਝੌਂਕਾ, ਹਰ ਪਾਸੇ ਰਸ ਘੋਲ ਗਿਆ।

ਉਸ ਸਰਵਰ ਦੇ ਕੰਢੇ ਅੱਜ ਵੀ, ਵਸਲਾਂ ਦੀ ਖੁਸ਼ਬੋਈ ਹੈ,
ਇਕ ਹੰਸਾਂ ਦਾ ਜੋੜਾ ਜਿੱਥੇ, ਕਰਕੇ ਕਹਿਣ ਕਲੋਲ ਗਿਆ।

ਬਿਰਖ ਦੀ ਡਾਲੀ ਉੱਤੇ ਬਹਿਕੇ, ਉਹਨਾਂ ਛਹਿਬਰ ਲਾਈ ਸੀ,
ਉੱਡੀਆਂ ਕੀ ਉਸ ਡਾਲ ਤੋਂ ਚਿੜੀਆਂ, ਸਾਰਾ ਬਿਰਖ ਹੀ ਡੋਲ ਗਿਆ।

ਇਕ ਦਿਨ ਹੱਸ ਕੇ ਦਿਲਬਰ ਨੇ ਜੋ, 'ਲਾਡੋ' ਆਖ ਬੁਲਾਇਆ ਸੀ,
ਉਸ ਦਿਨ ਤੋਂ ਹੀ ਮੇਰਾ ਤਾਂ ਜੀ, ਹਰ ਪਲ ਹੋ ਅਨਮੋਲ ਗਿਆ।

ਮੈਂ ਕਿਉਂ ਦਿਲ ਦਾ ਦਰਦ ਦਿਖਾਵਾਂ? ਨਾਲ ਬਹਾਨੇ ਦੇ ਉਸ ਨੂੰ,
ਸਭ ਕੁਝ ਜਾਣ ਕੇ ਵੀ ਜਦ ਮਾਹੀ, ਬਣ ਕੇ ਹੈ ਅਣਭੋਲ ਗਿਆ।

ਜਿਸ ਦੇ ਨਾਂ ਦਾ ਸੁਰਮਾ ਪਾਇਆ, ਰੀਝਾਂ ਨਾਲ ਸੀ ਨੈਣਾਂ ਵਿਚ,
ਓਸੇ ਦੇ ਹੀ ਹਿਜਰ ਦਾ ਹੰਝੂ, ਸਾਰਾ ਭੇਤ ਹੈ ਖੋਲ੍ਹ ਗਿਆ।

ਹੁਣ ਸਭ ਕੁਝ ਉਲਝਾ ਕੇ ਬੈਠੀ, ਆਖ਼ਿਰ ਉਹ ਪਛਤਾਏਗੀ,
ਇਹ ਸਾਹਾਂ ਦਾ ਸਫ਼ਰ 'ਜੀਤ' ਦਾ, ਜਿੱਦਣ ਵੀ ਹੋ ਗੋਲ ਗਿਆ।

◈◈◈

## 105.

ਅੱਜ ਗ਼ਜ਼ਲ ਦਾ ਪਿਆਰਾ ਜੇਹਾ, ਮਤਲਾ ਚੁਣ ਲੈਣਾ।
ਮੈਂ ਹਰ ਮਿਸਰੇ ਨੂੰ ਫੁਲਕਾਰੀ, ਉੱਤੇ ਬੁਣ ਲੈਣਾ।

ਆਪਣੀ ਸੋਚ ਮੁਤਾਬਿਕ, ਖੰਭ ਖਿਲਾਰੇ ਸੋਚਾਂ ਨੇ,
ਹੁਣ ਸੋਚਾਂ ਨੂੰ ਲੱਗਾ ਹੋਇਆ, ਲਾਹ ਮੈਂ ਘੁਣ ਲੈਣਾ।

ਹਰ ਇਕ ਗੱਲ ਸਿਆਣਪ ਦੀ, ਵੀ ਮੰਨ ਕੇ ਦੇਖ ਲਈ,
ਚੱਲ ਦਿਲਾ! ਅੱਜ ਤੇਰੀ ਗੱਲ, ਨੂੰ ਬਹਿ ਕੇ ਸੁਣ ਲੈਣਾ।

ਤਾਰੇ ਗਿਣ ਗਿਣ ਜੁਗਨੂੰ ਫੜ ਫੜ, ਲੰਘੀ ਸੀ ਰਾਤ ਸਦਾ,
ਮੈਂ ਖ਼ਾਬਾਂ ਦਾ ਸਾਂਝ ਸਵੇਰਾ, ਵੀ ਮਾਣ ਹੀ ਹੁਣ ਲੈਣਾ।

ਨੈਣ ਹਮੇਸ਼ਾਂ ਤਤਪਰ ਰਹਿੰਦੇ, ਜਿਸਨੂੰ ਦੇਖਣ ਲਈ,
ਇਸ਼ਕ ਇਬਾਰਤ ਓਸੇ ਦੀ ਨੂੰ, ਨੈਣੀਂ ਖੁਣ ਲੈਣਾ।

ਸ਼ਾਮ ਢਲੀ ਤੋਂ ਮੁੜ ਆਉਂਦੇ ਨੇ, ਘਰ ਦੇ ਵੱਲ ਪਰਿੰਦੇ,
ਖ਼ਬਰੇ ਕਦ ਪਰਦੇਸੀ ਨੇ ਵੀ, ਇਹ ਹੀ ਗੁਣ ਲੈਣਾ।

◈◈◈

## 106.

ਵੱਡੇ-ਵੱਡੇ ਗ਼ਮ ਸਾਡੇ, ਛੋਟੇ ਛੋਟੇ ਹਾਸੇ।
ਰੱਬ ਦੀਆਂ ਰੱਖਾਂ ਨੇ, ਕੁਝ ਤੇਰੇ ਭਰਵਾਸੇ।

ਮੈਂ ਪਾਣੀ ਦੀ ਥਾਂ ਦਿਲ ਵਾਲੀ, ਰੱਤ ਪਿਲਾਈ ਸੀ,
ਤੇਰੀ ਬਸਤੀ ਦੇ ਲੋਕੀਂ ਹਾਲੇ ਵੀ ਪਿਆਸੇ।

ਨਿੱਤ ਕਰਾਂ ਮੀਨਕਾਰੀ, ਤੇਰੇ ਮਹਿਲਾਂ ਦੇ ਉੱਤੇ,
ਪਰ ਮੇਰੇ ਹਿੱਸੇ ਵਿਚ ਕਾਹਤੋਂ? ਖ਼ਾਲੀ ਧਰਵਾਸੇ।

ਇੱਕ ਵਪਾਰੀ ਰਾਜਾ ਬਣ ਕੇ, ਸਭ ਕੁਝ ਵੇਚ ਗਿਆ,
ਜਨਤਾ ਦੇ ਹੱਥਾਂ ਵਿਚ, ਰਹਿ ਗਏ ਖ਼ਾਲੀ ਕਾਸੇ।

ਜਿੱਥੇ 'ਜੀਤ' ਬਸੇਰਾ ਤੇਰਾ, ਉੱਥੇ ਗਹੁ ਨਾ ਤੱਕੀਂ,
ਕੇਹੋ ਜਿਹੇ ਲੋਕ ਭਲਾ ਰਹਿੰਦੇ ਆਸੇ ਪਾਸੇ।

◈◈◈

## 107.

ਇਹ ਮਤਲੇ ਤੋਂ ਮਕਤੇ ਤੀਕ ਗ਼ਜ਼ਲ।
ਹੈ ਮੇਰੀ ਹੈ ਚੁੱਪ ਦੀ ਚੀਕ ਗ਼ਜ਼ਲ।
ਦਰਦ-ਪਰਾਗੇ ਵੰਡਣ ਆਈ ਹੈ,
ਇਹ ਦਰਦਾਂ ਦੇ ਵਿੱਚ ਸ਼ਰੀਕ ਗ਼ਜ਼ਲ।

ਕੁਝ ਦਰਦਾਂ ਦੀ ਜੰਮਣ-ਘੁੱਟੀ ਹੈ,
ਤੇ ਕੁਝ ਦਰਦਾਂ ਦੀ ਪਰਤੀਕ ਗ਼ਜ਼ਲ।
ਬਸ ਜੋਬਨ ਰੁੱਤੇ ਚਾਵਾਂ ਵਾਂਗਰ,
ਕਰਦੀ ਰਹਿੰਦੀ ਨਿੱਤ ਉਡੀਕ ਗ਼ਜ਼ਲ।

ਕਿਹੜੇ ਪਰਬਤ ਦੇ ਉੱਤੇ ਰਹਿੰਦੀ?
ਤੇ ਕਿਸ ਚੋਟੀ ਦੇ ਨਜ਼ਦੀਕ ਗ਼ਜ਼ਲ?
ਜਿੰਨਾ ਜਾਣਾਂ, ਮੈਂ ਓਨਾ ਮਾਣਾਂ,
ਜਿੱਦਾਂ ਭੇਤਭਰੀ ਤਹਿਰੀਕ ਗ਼ਜ਼ਲ।

ਜਦ ਵੀ ਹੈ ਮੁੱਕਣ ਉੱਤੇ ਆਉਂਦੀ,
ਮੇਰੀ ਗੱਲ ਕਰੇ ਤਸਦੀਕ ਗ਼ਜ਼ਲ।
ਬੇਸੁਰਿਆਂ ਨੂੰ ਵੀ ਸੁਰ ਵਿਚ ਲੈ ਕੇ,
ਕਰ ਦਿੰਦੀ ਏ ਸਭ ਕੁਝ ਠੀਕ ਗ਼ਜ਼ਲ।

ਮੇਰੇ ਦਿਲ ਅੰਦਰ ਵਾਸਾ ਕਰ ਕੇ,
ਹੋ ਗਈ ਹੈ ਪੱਕੀ ਵਸਨੀਕ ਗ਼ਜ਼ਲ।
ਐਵੇਂ ਨਾ ਇਸ ਨੂੰ ਕਹਿ ਮਾਮੂਲੀ,
ਹੁਣ ਤਾਂ ਹੈ ਪੂਰੀ ਰਮਣੀਕ ਗ਼ਜ਼ਲ।

ਇਹ 'ਜੀਤ' ਬਣੇ ਗ਼ਮ ਖ਼ਾਰ ਹਮੇਸ਼ਾਂ,
ਸਾਰੇ ਗ਼ਮ ਲੈਂਦੀ ਹੈ ਡੀਕ ਗ਼ਜ਼ਲ।
ਐਪਰ, ਏਨੀ ਸੂਖਮ ਹੁੰਦੀ ਕਿ,
ਮਖ਼ਮਲ ਤੋਂ ਵੀ ਵੱਧ ਬਾਰੀਕ ਗ਼ਜ਼ਲ।

◈◈◈

## 108.

ਹਨੇਰਾ ਮੁੱਕਣੇ ਵਾਲਾ ਹੈ, ਡੋਲੀਂ ਨਾ!
ਉਜਾਲਾ ਫੁੱਟਣੇ ਵਾਲਾ ਹੈ, ਡੋਲੀਂ ਨਾ!

ਜੋ ਰਾਤੀਂ ਹੰਝੂਆਂ ਦੇ ਨਾਲ ਭਿੱਜਾ ਸੀ,
ਸਿਰ੍ਹਾਣਾ ਸੁੱਕਣੇ ਵਾਲਾ ਹੈ, ਡੋਲੀਂ ਨਾ!

ਸਦਾ ਕੋਲੋਂ ਗੁਜ਼ਰ ਜਾਂਦੈ, ਝੁਕਾ ਨਜ਼ਰਾਂ,
ਉਹ ਪਲਕਾਂ ਚੁੱਕਣੇ ਵਾਲਾ ਹੈ, ਡੋਲੀਂ ਨਾ!

ਫਨੀਅਰ ਜੋ ਹਲਾਤਾਂ ਦਾ ਖੜ੍ਹਾ ਸਾਂਹਵੇ,
ਇਹ ਫਨ ਵੀ ਝੁੱਕਣੇ ਵਾਲਾ ਹੈ, ਡੋਲੀਂ ਨਾ!

ਬੇ-ਲੋੜਾ ਬੋਝ ਬੀਤੇ ਦਾ, ਪਰ੍ਹਾਂ ਸੁੱਟ ਦੇ
ਦਿਲਾ! ਇਹ ਸੁੱਟਣੇ ਵਾਲਾ ਹੈ, ਡੋਲੀਂ ਨਾ!

ਅਜੇ ਸਬਰਾਂ ਦੇ ਪੱਲੇ ਨੂੰ ਫੜੀ ਰੱਖੀਂ,
ਕਿ ਮਹਿਰਮ ਢੁੱਕਣੇ ਵਾਲਾ ਹੈ, ਡੋਲੀਂ ਨਾ!

ਉਮੀਦਾਂ ਸਾਬਤਾ ਰੱਖ 'ਜੀਤ' ਰੱਬ ਉੱਤੇ,
ਇਹ ਘੇਰਾ ਟੁੱਟਣੇ ਵਾਲਾ ਹੈ, ਡੋਲੀਂ ਨਾ!

◈◈◈



## 109.

ਮੈਥੋਂ ਮੇਰੇ ਗੀਤ ਨਿੱਤ, ਪੁੱਛਣ ਇੱਕ ਸਵਾਲ।
ਕਦ ਕਰਨਾ ਸੁਰਬੱਧ ਹੈ, ਕਦ ਦੇਣੀ ਹੈ ਤਾਲ।

ਜਦ ਵੀ ਪੌਣ ਨੇ ਚੁੰਮਿਆ, ਬਿਰਖ ਦਾ ਮੱਥਾ ਆਣ,
ਕੁਦਰਤ ਦੇਖੀ ਮੌਲਦੀ, ਹੁੰਦਾ ਦੇਖ ਕਮਾਲ।

ਉੱਪਰ ਤਾਣ ਕੇ ਚਾਨਣੀ, ਹਾਕਮ ਸੁੱਤੇ ਘੂਕ,
ਏਧਰ ਚੰਦ ਨੂੰ ਦੇਖ ਕੇ, ਭੁੱਖੇ ਵਿਲਕਣ ਬਾਲ।

ਨੈਣੀ ਹੰਝੂ ਡੱਕਣੇ, ਸਿੱਖ ਲਏ ਫਿਰ ਆਪ,
ਜਦ ਤੋਂ ਪੜ੍ਹਨਾ ਆ ਗਿਆ, ਮੈਨੂੰ ਤੇਰਾ ਹਾਲ।

ਤੈਨੂੰ ਮਿਲਕੇ ਹੋ ਗਿਆ, ਸਾਰਾ ਡਰ ਹੀ ਦੂਰ,
ਤੂੰ ਮਿਲਿਆਂ ਏਂ ਮਹਿਰਮਾ, ਬਣਕੇ ਮੇਰੀ ਢਾਲ।

ਚਿਹਰੇ ਉੱਤੇ ਓਸ ਦੇ, ਤਦ ਤੋਂ ਆਇਆ ਨੂਰ,
ਸੋਚਾਂ ਉੱਤੋਂ ਲਹਿ ਗਿਆ, ਜਿਸ ਦਿਨ ਤੋਂ ਜੰਗਾਲ।

ਗੂੜ੍ਹੀ ਨੀਂਦ ਚੋਂ ਉੱਠ ਗਏ, ਜਿੰਦਣ ਵੀ ਇਹ ਲੋਕ,
ਓਦਣ ਭੇਖੀ ਹਾਕਮਾਂ, ਦੀ ਚੱਲਣੀ ਨਾ ਚਾਲ।

ਹਿਜਰਾਂ ਦੀ ਇਸ ਧੁੱਪ ਨੇ, ਹਸਤੀ ਦਿੱਤੀ ਮੇਟ,
ਅਕਸ ਗੁਆਚੇ ਦੀ ਕਰਾਂ, ਦਰਪਣ ਵਿੱਚੋਂ ਭਾਲ।

◈◈◈

## 110.

ਹਾਕਮ ਬੇ-ਸ਼ੱਕ ਸਾਨੂੰ, ਗੂੜ੍ਹੇ ਹਨੇਰ ਦੇਵੇ।
ਜਖ਼ਮਾਂ ਦੀ ਰੋਸ਼ਨੀ ਪਰ, ਚਾਨਣ ਬਿਖੇਰ ਦੇਵੇ।

ਤੈਨੂੰ ਸ਼ਹਾਦਤਾਂ ਤੋਂ, ਆਉਂਦਾ ਏ ਖ਼ੌਫ਼, ਐ ਪਰ,
ਸਾਨੂੰ ਸ਼ਹੀਦ ਰੂਹ ਹੀ, ਸੂਹੀ ਸਵੇਰ ਦੇਵੇ।

ਸੀਨੇ ਤੇ ਜ਼ਖ਼ਮ ਗਹਿਰੇ, ਭਰਨੇ ਕਿਵੇਂ ਨੇ ਦੱਸੋ,
ਹਾਕਮ ਨਵੇਂ ਹੀ ਸੂਰਜ, ਆ ਜ਼ਖ਼ਮ ਫੇਰ ਦੇਵੇ।

ਸਾਨੂੰ ਨਾ ਅੱਜ ਤੀਕਰ, ਉਸਤੋਂ ਇਨਸਾਫ਼ ਮਿਲਿਆ,
ਨਜ਼ਰਾਂ ਦਿਖਾ ਕੇ ਅਕਸਰ, ਬੁੱਲ੍ਹਾਂ ਨੂੰ ਟੇਰ ਦੇਵੇ।

ਫੁੱਲਾਂ ਦੇ ਬਾਗ ਅੰਦਰ, ਕਿਸ ਨੇ ਹੈ ਅੱਗ ਲਾਈ?
ਮਹਿਕਾਂ ਮਿਟਾ ਕੇ ਜਿਹੜੀ, ਬਦਬੂ ਚੁਫ਼ੇਰ ਦੇਵੇ।

ਸੂਰਜ ਨੂੰ ਉਮਰ ਭਰ ਤੋਂ, ਰਾਤਾਂ ਉਡੀਕ ਰਹੀਆਂ,
ਐਪਰ ਉਹ ਚੜ੍ਹਨ ਵੇਲੇ, ਕਰ ਹੇਰ ਫੇਰ ਦੇਵੇ।

ਉਸ ਬਾਪ ਤੋਂ ਵੀ ਸਿੱਖੀ, ਦੀ ਕੀ ਉਮੀਦ ਕਰਨੀ
ਨਹਿਰਾਂ ਚ ਰੋੜਨੇ ਲਈ, ਪੁੱਤ ਨੂੰ ਲਲੇਰ ਦੇਵੇ।

◈◈◈



## 111.

ਮੈਂ ਕੁਝ ਏਦਾਂ ਸੀ ਤੇਰੀ, ਦੋਸਤੀ ਤੇ ਦਿਲਬਰੀ ਦੇਖੀ।
ਜਿਵੇਂ ਵਗਦੀ ਨਦੀ ਹੋਵੇ, ਥਲਾਂ ਵਿਚ ਜੀਰਦੀ ਦੇਖੀ।

ਕਿ ਜਿਹੜੀ ਸ਼ਹਿਰ ਤੇਰੇ ਤੋਂ, ਮੁੜੀ ਅਠਖੇਲੀਆਂ ਕਰਕੇ,
ਮੈਂ ਹਾਲੇ ਤੀਕ ਵੀ ਉਹ ਪੌਣ, ਪਰਬਤ ਤੈਰਦੀ ਦੇਖੀ।

ਤੂੱ ਮੇਰੇ ਸੁਪਨਿਆਂ ਦੇ ਦੇਸ਼, ਜਦ ਤੋਂ ਟੱਕਰਿਆ ਮੈਨੂੰ,
ਉਦੋਂ ਤੋਂ ਨਾਲ਼ ਤੇਰੇ ਹੀ, ਮੈਂ ਆਪਣੀ ਹਰ ਖ਼ੁਸ਼ੀ ਦੇਖੀ।

ਮੇਰੇ ਹੀ ਦਿਲ ਦੇ ਵਿਚ ਰਹਿਕੇ, ਬਿਗਾਨਾ ਤੂੰ ਕਰੇਂ ਮੈਨੂੰ,
ਬੜੀ ਵਾਰੀ, ਮੈਂ ਏਦਾਂ ਦੀ, ਵੀ ਆਪਣੀ ਬੇਬਸੀ ਦੇਖੀ।

ਭਲਾ ਸੀ ਹਿਜਰ ਹੀ ਤੇਰਾ, ਮਿਲਣ ਦੇ ਓਸ ਲਮਹੇਂ ਤੋਂ,
ਕਿਸੇ ਕਮਜ਼ੋਰ ਲਮਹੇਂ ਵਿਚ, ਜੋ ਤੇਰੀ ਬੇਰੁਖੀ ਦੇਖੀ।

ਪਲੇਠੀ ਰੀਝ ਮੇਰੀ ਨੇ, ਵੀ ਮਰ ਕੇ ਤੋੜਿਆ ਦਮ ਨਾ,
ਮੈਂ ਅਪਣੇ ਹਉਕਿਆਂ ਦੇ ਵਿਚ, ਅਜੇ ਵੀ ਸਿਸਕਦੀ ਦੇਖੀ।

ਵਧਾਈ ਚਾਲ ਕਦਮਾਂ ਦੀ, ਵਿਛਾ ਕੇ ਰੋੜ ਰਾਹਾਂ ਵਿਚ,
ਤੇ ਮੁੜ ਕੇ ਚਾਲ ਮੇਰੀ ’ਤੇ, ਹੀ ਦੁਨੀਆਂ ਹਰਖ਼ਦੀ ਦੇਖੀ।

ਅਦਾ ਤੇਰੀ ਨੂੰ ਸਜ਼ਦਾ, ਹੋ ਗਿਆ ਹੈ ਏਸ ਕਰਕੇ ,
ਕਿ ਤੇਰੀ ਗੱਲ ਨਾ ਅੱਜ ਤਕ, ਕੋਈ ਵੀ ਆਰਜ਼ੀ ਦੇਖੀ।

◈◈◈